# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 152 Thursday, August 08, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com


## ਸਾਊਦੀ ਅਰਬ ਨਾਲ ਹੋਈ ਹਥਿਆਰਾਂ ਦੀ ਡੀਲ ਦਾ ਮਾਮਲਾ

# ਡੀਲ ਸਬੰਧੀ ਮੁਲਾਂਕਣ ਤੋਂ ਕੈਨੇਡੀਅਨਾਂ ਨੂੰ ਜਾਣੂ ਕਰਵਾਉਣ ਲਈ ਟਰੂਡੋ 'ਤੇ ਦਬਾਅ



ਓਟਵਾ, 7 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਸਿਵਲ ਸੁਸਾਇਟੀ ਗਰੁੱਪਜ਼ ਵੱਲੋਂ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਅਕਤੂਬਰ ਵਿੱਚ ਹੋਣ ਵਾਲੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਸਾਊਦੀ ਅਰਬ ਨਾਲ ਹਥਿਆਰਾਂ ਸਬੰਧੀ ਹੋਈ ਬਹੁ ਕਰੋੜੀ ਡੀਲ ਬਾਰੇ ਉਨ੍ਹਾਂ ਦੀ ਸਰਕਾਰ ਦੇ ਮੁਲਾਂਕਣ ਸਬੰਧੀ ਕੈਨੇਡੀਅਨਾਂ ਨੂੰ ਅਪਡੇਟ ਕਰਨ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਤੁਰਕੀ ਵਿੱਚ ਸਾਊਦੀ ਸਫਾਰਤਖਾਨੇ ਦੇ ਅੰਦਰ ਪੱਤਰਕਾਰ ਜਮਾਲ ਕਸ਼ੋਗੀ ਦੇ ਕੀਤੇ ਗਏ ਕਤਲ ਤੋਂ ਬਾਅਦ ਲਿਬਰਲਾਂ ਨੇ ਮੱਧਪੂਰਬੀ ਰਾਜ ਨੂੰ ਹੌਲੇ ਹਥਿਆਰਾਂ ਨਾਲ ਲੈਸ ਗੱਡੀਆਂ ਭੇਜਣ ਸਬੰਧੀ 15 ਬਿਲੀਅਨ ਡਾਲਰ ਦਾ ਜਿਹੜਾ ਕਾਂਟਰੈਕਟ ਕੀਤਾ ਸੀ, ਉਸ ਦਾ ਮੁਲਾਂਕਣ ਸ਼ੁਰੂ ਕੀਤਾ ਗਿਆ। ਇਹ ਐਲਾਨ ਉਸ ਸਮੇਂ ਵੀ ਆਇਆ ਜਦੋਂ ਇਹ ਤੌਖਲਾ ਪੈਦਾ ਹੋ ਗਿਆ ਕਿ ਯਮਨ ਵਿੱਚ ਚੱਲ ਰਹੀ ਲੜਾਈ ਵਿੱਚ ਸਾਊਦੀ ਅਰਬ ਇਨ੍ਹਾਂ ਹਥਿਆਰਾਂ ਦੀ ਵਰਤੋਂ ਕਰ ਸਕਦਾ ਹੈ।

ਇਸ ਹਫਤੇ ਦਰਜਨਾਂ ਸੰਸਥਾਵਾਂ ਵੱਲੋਂ ਟਰੂਡੋ ਨੂੰ ਭੇਜੇ ਗਏ ਪੱਤਰਾਂ ਵਿੱਚ ਇਹ ਮੰਗ ਕੀਤੀ ਗਈ ਕਿ ਹੁਣ ਜਦੋਂ ਇਸ ਜਾਂਚ ਨੂੰ ਐਲਾਨਿਆਂ ਨੌਂ ਮਹੀਨੇ ਦਾ ਸਮਾਂ ਹੋ ਚੁੱਕਿਆ ਹੈ ਤਾਂ ਇਹ ਮੁਲਾਂਕਣ ਕਿੱਥੋਂ ਤੱਕ ਪਹੁੰਚਿਆ ਇਸ ਬਾਰੇ ਜਾਣਨ ਦਾ ਜਨਤਾ ਨੂੰ ਪੂਰਾ ਹੱਕ ਹੈ। ਪਰ ਸਰਕਾਰ ਵੱਲੋਂ ਅਜੇ ਤੱਕ ਇਸ ਬਾਰੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਜਿਨ੍ਹਾਂ ਸੰਸਥਾਵਾਂ ਵੱਲੋਂ ਟਰੂਡੋ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਉਨ੍ਹਾਂ ਵਿੱਚ ਐਮਨੈਸਟੀ ਇੰਟਰਨੈਸ਼ਨਲ ਕੈਨੇਡਾ, ਓਕਸਫੈਮ ਕੈਨੇਡਾ ਤੇ ਸੇਵ ਦ ਚਿਲਡਰਨ ਕੈਨੇਡਾ ਸ਼ਾਮਲ ਹਨ।

## ਧਾਰਾ 370 ਹਟਾਉਣ ਦਾ ਅਸਰ

### ਭਾਰਤ ਨਾਲ ਦੁਵੱਲਾ ਵਪਾਰ ਰੋਕਿਆ, ਫਲਾਈਟਾਂ ਵੀ ਫਿਰ ਬੰਦ

# ਪਾਕਿਸਤਾਨ ਨੇ ਭਾਰਤੀ ਰਾਜਦੂਤ ਕੱਢਿਆ, ਆਪਣਾ ਵਾਪਸ ਸੱਦਣ ਦਾ ਐਲਾਨ



ਇਸਲਾਮਾਬਾਦ, 7 ਅਗਸਤ, (ਪੋਸਟ ਬਿਊਰੋ)- ਭਾਰਤ ਦੀ ਸਰਕਾਰ ਵੱਲੋਂ ਆਪਣੇ ਜੰਮੂ ਕਸ਼ਮੀਰ ਰਾਜ ਤੋਂ ਧਾਰਾ 370 ਖਤਮ ਕੀਤੇ ਜਾਣ ਦੇ ਫੈਸਲੇ ਨਾਲ ਭੜਕੇ ਹੋਏ ਪਾਕਿਸਤਾਨ ਨੇ ਭਾਰਤ ਨਾਲ ਦੁਵੱਲਾ ਵਪਾਰ ਰੋਕਣ ਦਾ ਫੈਸਲਾ ਕੀਤਾ ਅਤੇ ਭਾਰਤ ਤੋਂ ਆਪਣੇ ਰਾਜਦੂਤ ਨੂੰ ਵਾਪਸ ਸੱਦਣ ਦੇ ਨਾਲ ਭਾਰਤੀ ਰਾਜਦੂਤ ਨੂੰ ਵਾਪਸ ਭੇਜਣ ਦਾ ਐਲਾਨ ਕਰ ਦਿੱਤਾ ਹੈ। ਪਾਕਿਸਤਾਨ ਦੀ ਕੌਮੀ ਸੁਰੱਖਿਆ ਕਮੇਟੀ ਦੀ ਮੀਟਿੰਗ ਦੌਰਾਨ ਇਸ ਫੈਸਲੇ ਦੇ ਨਾਲ ਹੀ ਭਾਰਤ ਲਈ ਏਅਰ ਸਪੇਸ ਫਿਰ ਬੰਦ ਕਰ ਦੇਣ ਅਤੇ ਇਹ ਮੁੱਦਾ ਯੂ ਐੱਨ ਓ ਵਿੱਚ ਚੁੱਕਣ ਦਾ ਫੈਸਲਾ ਵੀ ਕੀਤਾ ਗਿਆ ਹੈ।

ਜੰਮੂ ਕਸ਼ਮੀਰ ਨੂੰ ਧਾਰਾ 370 ਹੇਠ ਮਿਲਿਆ ਵਿਸ਼ੇਸ਼ ਦਰਜਾ ਖ਼ਤਮ ਕਰਨ ਦੇ ਭਾਰਤ ਦੀ ਸਰਕਾਰ ਦੇ ਫੈਸਲੇ ਦੇ ਬਾਅਦ ਗੁਆਂਢੀ ਦੇਸ਼ ਪਾਕਿਸਤਾਨ ਦੀ ਸਰਕਾਰ ਨੇ ਸਮੁੱਚੀ ਵਿਚਾਰ ਕਰਨ ਲਈ ਅੱਜ ਬੁੱਧਵਾਰ ਪ੍ਰਧਾਨ ਮੰਤਰੀ ਇਮਰਾਨ ਖ਼ਾਨ ...

ਬਾਕੀ ਪੰਨਾ 6 'ਤੇ

# ਗੰਨ ਹਿੰਸਾ ਨੂੰ ਰੋਕਣ ਲਈ ਜੌਹਨ ਟੋਰੀ ਨੇ ਫੈਡਰਲ ਸਰਕਾਰ ਤੋਂ ਮੰਗੀ ਮਦਦ



ਟੋਰਾਂਟੋ, 7 ਅਗਸਤ (ਪੋਸਟ ਬਿਊਰੋ) : ਵੀਕੈਂਡ ਉੱਤੇ 14 ਵੱਖ ਵੱਖ ਥਾਂਵਾਂ ਉੱਤੇ ਗੋਲੀ ਚੱਲਣ ਦੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਮੰਗਲਵਾਰ ਨੂੰ ਮੇਅਰ ਜੌਹਨ ਟੋਰੀ ਨੇ ਫੈਡਰਲ ਸਰਕਾਰ ਤੋਂ ਮੰਗ ਕੀਤੀ ਕਿ ਟੋਰਾਂਟੋ ਵਿੱਚ ਗੰਨ ਕ੍ਰਾਈਮ ਨੂੰ ਰੋਕਣ ਲਈ ਹੋਰ ਸਰਗਰਮ ਭੂਮਿਕਾ ਨਿਭਾਈ ਜਾਵੇ।

ਜੌਹਨ ਟੋਰੀ ਨੇ ਆਖਿਆ ਕਿ ਤਿੰਨ ਦਿਨਾਂ ਦੇ ਅੰਦਰ 17 ਵਿਅਕਤੀਆਂ ਦੇ ਜ਼ਖ਼ਮੀ ਹੋਣ ਤੋਂ ਬਾਅਦ ਤੋਂ ਉਹ ਇੱਕ ਫੈਡਰਲ ਅਧਿਕਾਰੀ ਦੇ ਸੰਪਰਕ ਵਿੱਚ ਸਨ। ਹਾਲਾਂਕਿ ਇਸ ਹਿੰਸਕ ਵੀਕੈਂਡ ਦੌਰਾਨ ਕਿਸੇ ਦੀ ਮੌਤ ਨਹੀਂ ਹੋਈ ਪਰ ਕਈ ਲੋਕਾਂ ਨੂੰ ਜ਼ਖ਼ਮੀ ਹੋਣ ਕਾਰਨ ਹਸਪਤਾਲ ਜ਼ਰੂਰ ਦਾਖਲ ਕਰਵਾਇਆ ਗਿਆ। ਟੋਰੀ ਨੇ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਉਹ ਹੈਂਡਗੰਨ ਉੱਤੇ ਪਾਬੰਦੀ ਲਾਉਣ ਦੀ ਮੰਗ ਨੂੰ ਲੈ ਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮੁਲਾਕਾਤ ਕਰਨਗੇ। ਇਸ ਦੇ ਨਾਲ ਹੀ ਗੰਨ ਹਿੰਸਾ ਨੂੰ ਰੋਕਣ ਲਈ ਉਹ ਟਰੂਡੋ ਤੋਂ ਵਿੱਤੀ ਸਹਾਇਤਾ ਦੀ ਮੰਗ ਵੀ ਕਰਨਗੇ।

ਇੱਕ ਇੰਟਰਵਿਊ ਵਿੱਚ ਟੋਰੀ ਨੇ ਆਖਿਆ ਹਾਲਾਂਕਿ ਸਾਡੀ ਸਿਟੀ ਬਹੁਤ ਹੀ ਸੁਰੱਖਿਅਤ ਹੈ ਪਰ ਜਿਹੋ ਜਿਹੀ ਦਿੱਕਤ ਦਾ ਸਾਨੂੰ ਇਸ ਵੀਕੈਂਡ ਉੱਤੇ ਸਾਹਮਣਾ ਕਰਨਾ ਪੈ ਰਿਹਾ ਹੈ ਉਹ ਦੁਬਾਰਾ ਨਹੀਂ ਵਾਪਰਨੀ ਚਾਹੀਦੀ। ਉਨ੍ਹਾਂ ਆਖਿਆ ਕਿ ਇਸ ਲਈ ਅਸੀਂ ਫੈਡਰਲ ਸਰਕਾਰ ਵੱਲੋਂ ਮਦਦ ਦੀ ਆਸ ਕਰਦੇ ਹਾਂ। ਇਸ ਦੌਰਾਨ ਕ੍ਰਾਈਮ ਰਿਡਕਸ਼ਨ ਮੰਤਰੀ ਬਿੱਲ ਬਲੇਅਰ ਦੇ ਆਫਿਸ ਨੇ ਆਖਿਆ ਕਿ ਫੈਡਰਲ ਸਰਕਾਰ ਨੇ ਓਨਟਾਰੀਓ ਨੂੰ ਗੰਨ ਤੇ ਗੈਂਗ ਹਿੰਸਾ ਨੂੰ ਰੋਕਣ ਲਈ 65 ਮਿਲੀਅਨ ਡਾਲਰ ਦਿੱਤੇ ਸਨ। ਇਸ ਦੇ ਨਾਲ ਹੀ ਫੈਡਰਲ ਸਰਕਾਰ ਗੈਂਗ ਤੇ ਹਿੰਸਾ ਦੀ ਰੋਕਥਾਮ ਲਈ ਅੱਗੇ ਵੀ ਓਨਟਾਰੀਓ ਦੀ ਮਦਦ ਕਰਦੀ ਰਹੇਗੀ।

ਅਕਤੂਬਰ ਵਿੱਚ ਹੋਣ ਵਾਲੀਆਂ ਫੈਡਰਲ ਚੋਣਾਂ ਦੇ ਮੱਦੇਨਜ਼ਰ ਦਿੱਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਅਜਿਹੀ ਕੋਈ ਆਪਸ਼ਨ ਨਹੀਂ ਹੈ ਕਿ ਅਸੀਂ ਇਸ ਮੁੱਦੇ ਨੂੰ ਵਿਚਾਰੀਏ ਨਾ ਤੇ ਗੰਨ ਹਿੰਸਾ ਕਾਰਨ ਜੇ ਸਾਨੂੰ ਹੋਰ ਜ਼ਿਆਦਾ ਮਾਪਦੰਡ ਵੀ ਅਪਨਾਉਣੇ ਪਏ ਤਾਂ ਅਸੀਂ ਉਹ ਕਰਾਂਗੇ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steeles Ave. W. Unit 11, Etobicoke, ON
Rakesh M. Joshi B.A., LL.B 416-213-8600

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
New rates!!!!
Call Matt, or Wayne at 1-800-265-8526

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਨਵਾਂ ਘਾਹ ਲਵਾਉ 647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ | ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ | ਨਵਾਂ ਘਾਹ ਲਵਾਉ | ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL 416 938 4598

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
• Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

# Dr. Randhawa Dentistry



*Your own dentist who really cares for you*

We Provide the following Services:


- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd / Mcvean Dr / Gore Rd / Squire Ellis Dr / DENTISTRY / Countryside Dr

## ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

**KITCHEN CABINET**
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction

We Specialize in granite, quartz & marble countertops







- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
416-200-0931

## APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com



Laddi



# TCMPLUS
**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

**WE TREAT:**

- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill

## SASH FLEET HOLDING LTD
Established since 2007

NOW HIRING!!!
AZ DRIVERS FOR US

- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

*HIRING!!! Operations Manager*

- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com

# Data everywhere. No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™
AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON


Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਕੀਤੀ ਪਾਕਿ ਨੇ ਕੋਸ਼ਿਸ਼ ਤਾਂ ਬਹੁਤ ਸੀ ਗੀ,
ਦੁਨੀਆ ਵਾਲਿਆਂ ਹਾਮੀ ਨਹੀਂ ਭਰੀ ਬੇਲੀ।
ਵੱਖ-ਵੱਖ ਦੇਸ਼ਾਂ ਦੇ ਤੀਕ ਜਾ ਪਹੁੰਚ ਕੀਤੀ,
ਅੜਚਣ ਉਨ੍ਹਾਂ ਦੇ ਮੂਹਰੇ ਗਈ ਧਰੀ ਬੇਲੀ।
ਗੌਲਿਆ ਕਿਸੇ ਨੇ ਪਾਕਿ ਦਾ ਪੱਖ ਨਹੀਂ ਜੀ,
ਫੋਕੇ ਦਾਅਵੇ ਉਹ ਗਿਆ ਜਦ ਕਰੀ ਬੇਲੀ।
ਬੁੜ-ਬੁੜ ਅਸਰ ਤੋਂ ਬਿਨਾਂ ਹੈ ਰਹੀ ਖਾਲੀ,
ਸਮਝੀ ਗੱਲ ਇਹ ਕਿਸੇ ਨਹੀਂ ਖਰੀ ਬੇਲੀ।
ਮਾਰੀ ਭਬਕ ਤੇ ਦਿੱਤਾ ਫਿਰ ਆਖ ਮਗਰੋਂ,
ਚੱਲਣ ਦਿਆਂਗੇ ਭਾਰਤ ਦੀ ਚਾਲ ਨਹੀਂਓਂ।
ਰਸਤਾ ਭਾਰਤ ਦਾ ਉਨ੍ਹਾਂ ਕੋਈ ਰੋਕਣਾ ਕੀ,
ਗਲਦੀ ਘਰੇ ਵੀ ਜਿਨ੍ਹਾਂ ਦੀ ਦਾਲ ਨਹੀਂਓਂ।

ਤੀਸ ਮਾਰ ਖਾਂ

# ਜੰਮੂ-ਕਸ਼ਮੀਰ ਦੇ ਹਾਲਾਤ ਆਮ ਹੋਣ ਲੱਗੇ, ਮੁਫ਼ਤੀ ਅਤੇ ਅਬਦੁੱਲਾ ਅਜੇ ਵੀ ਘਰਾਂ ਵਿੱਚ ਨਜ਼ਰਬੰਦ




ਸ੍ਰੀਨਗਰ, 7 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਗਵਰਨਰ ਸਤਿਆਪਾਲ ਮਲਿਕ ਵੱਲੋਂ ਰਾਜ ਵਿਚਲੀ ਕਾਨੂੰਨ ਵਿਵਸਥਾ ਦੀ ਸਮੀਖਿਆ ਕਰਨ ਵੇਲੇਅੱਜ ਉਨ੍ਹਾਂ ਨੂੰ ਦੱਸਿਆ ਗਿਆ ਕਿ ਹਾਲਾਤ ਆਮ ਤੌਰ ਉੱਤੇ ਸੁਧਰ ਰਹੇ ਹਨ। ਰਾਜਭਵਨ ਦੇ ਬੁਲਾਰੇ ਨੇ ਦੱਸਿਆ ਕਿ ਰਿਪੋਰਟਾਂ ਮੁਤਾਬਕ ਹਸਪਤਾਲਾਂ ਵਿਚ ਐਮਰਜੈਂਸੀ ਸੇਵਾਵਾਂ ਚਾਲੂ ਹਨ ਤੇ ਲੋਕ ਬਾਜ਼ਾਰਾਂ ਵਿਚ ਲੋੜ ਦੀਆਂ ਚੀਜ਼ਾਂ ਖ਼ਰੀਦਣ ਨਿਕਲ ਰਹੇ ਹਨ ਅਤੇ ਬਿਜਲੀ-ਪਾਣੀ ਦੀ ਸਪਲਾਈ ਤਸੱਲੀਬਖ਼ਸ਼ ਹੈ।

ਇਸ ਸੰਬੰਧ ਵਿੱਚ ਰਾਜ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਬੀਤੇ ਸੋਮਵਾਰ ਤੋਂ ਬਾਅਦ ਸੌਤੋਂ ਵੱਧ ਆਗੂ ਅਤੇ ਵਰਕਰ ਕਸ਼ਮੀਰ ਘਾਟੀ ਵਿਚ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ ਜੰਮੂ ਕਸ਼ਮੀਰ ਦੇ ਦੋਵੇਂ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਅਤੇ ਉਮਰ ਅਬਦੁੱਲਾ ਐਤਵਾਰ ਰਾਤ ਤੋਂਹਾਲੇ ਤੱਕ ਨਜ਼ਰਬੰਦ ਹਨ। ਉਨ੍ਹਾਂ ਨੂੰ ਸੋਮਵਾਰ ਰਾਤ ਨਜ਼ਰਬੰਦ ਕੀਤਾ ਗਿਆ ਸੀ। ਜੰਮੂ-ਕਸ਼ਮੀਰ ਪੀਪਲਜ਼ ਕਾਨਫ਼ਰੰਸ ਦੇ ਨੇਤਾ ਸੱਜਾਦ ਲੋਨ ਅਤੇ ਇਮਰਾਨ ਅੰਸਾਰੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਇਹ ਹੁਕਮ ਸਥਾਨਕ ਮੈਜਿਸਟਰੇਟ ਨੇ ਜਾਰੀ ਕੀਤੇ ਸਨ।ਬੁਲਾਰੇ ਦੇ ਮੁਤਾਬਕ ਗਵਰਨਰ ਨੂੰ ਦੱਸਿਆ ਗਿਆ ਕਿ ਕਿਸੇ ਥਾਂ ਕੋਈ ਅਣਸੁਖਾਵੀਂ ਘਟਨਾ ਹੋਣ ਦੀ ਖ਼ਬਰ ਨਹੀਂ ਹੈ।

ਇਸ ਦੌਰਾਨ ਆਜ਼ਾਦੀ ਦਿਵਸ ਅਤੇ ਜੰਮੂ ਕਸ਼ਮੀਰ ਵਿਚੋਂ ਧਾਰਾ 370 ਹਟਾਏ ਜਾਣ ਕਾਰਨਭਾਰਤ ਦੇ 19 ਮੁੱਖ ਹਵਾਈ ਅੱਡਿਆਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈਅਤੇ ਏਅਰਪੋਰਟ ਟਰਮੀਨਲਾਂ ਦੇ ਇਕ ਕਿਲੋਮੀਟਰ ਘੇਰੇ ਵਿਚ ਸੁਰੱਖਿਆ ਫੋਰਸਾਂ ਨੂੰ ਤੈਨਾਤ ਕੀਤਾ ਗਿਆ ਹੈ। ਇਸ ਦੇ ਨਾਲ ਸਾਰੇ ਵਾਹਨਾਂ ਦੀ ਪੂਰੀ ਜਾਂਚ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਨ੍ਹਾਂ ਮੁੱਖ ਹਵਾਈ ਅੱਡਿਆਂ ਵਿਚ ਦਿੱਲੀ, ਬੈਂਗਲੁਰੂ, ਚੇਨਈ, ਪਟਨਾ, ਭੋਪਾਲ, ਭੁਵਨੇਸ਼ਵਰ, ਅਹਿਮਦਾਬਾਦ ਆਦਿ ਸ਼ਾਮਲ ਹਨ, ਜਿਨ੍ਹਾਂ ਲਈ ਇਹ ਹਾਈ ਅਲਰਟ ਜਾਰੀ ਕੀਤਾ ਗਿਆ ਹੈ।

# ਛੋਟ ਪ੍ਰੋਗਰਾਮ ਸਦਕਾ ਇਲੈਕਟ੍ਰਿਕ ਕਾਰਾਂ ਦੀ ਵਿੱਕਰੀ ਵਿੱਚ ਹੋਇਆ ਵਾਧਾ




ਓਟਵਾ, 7 ਅਗਸਤ (ਪੋਸਟ ਬਿਊਰੋ) : ਇਲੈਕਟ੍ਰਿਕ ਕਾਰਾਂ ਨੂੰ ਸਸਤਾ ਬਣਾਉਣ ਲਈ ਕੈਨੇਡਾ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਛੋਟ ਸਬੰਧੀ ਨਵੇਂ ਪ੍ਰੋਗਰਾਮ ਸਦਕਾ ਇਨ੍ਹਾਂ ਕਾਰਾਂ ਦੀ ਵਿੱਕਰੀ ਵਿੱਚ ਤੇਜ਼ੀ ਆਉਣ ਦੇ ਸੰਕੇਤ ਮਿਲ ਰਹੇ ਹਨ।

ਪਹਿਲੀ ਮਈ ਤੋਂ ਓਟਵਾ ਵੱਲੋਂ ਇਨ੍ਹਾਂ ਇਲੈਕਟ੍ਰਿਕ ਕਾਰਾਂ ਵਿੱਚੋਂ ਕੁੱਝ ਨੂੰ ਖਰੀਦਣ ਉੱਤੇ 5000 ਡਾਲਰ ਦੀ ਛੋਟ ਦੀ ਪੇਸ਼ਕਸ਼ ਸ਼ੁਰੂ ਕੀਤੀ ਗਈ। ਇਹ ਉਪਰਾਲਾ ਘੱਟ ਵਿਕਣ ਵਾਲੇ ਮਾਡਲਜ਼ ਨੂੰ ਗੈਸ ਨਾਲ ਚੱਲਣ ਵਾਲੀਆਂ ਕਾਰਾਂ ਦੀ ਬਰਾਬਰੀ ਉੱਤੇ ਲਿਆਉਣਾ ਸੀ। ਮਾਰਚ ਵਿੱਚ ਐਲਾਨੇ ਬਜਟ ਵਿੱਚ ਓਟਵਾ ਵੱਲੋਂ 2025 ਤੱਕ ਇਨ੍ਹਾਂ ਇਲੈਕਟ੍ਰਿਕ ਗੱਡੀਆਂ ਦੀ ਵਿੱਕਰੀ ਵਿੱਚ 10 ਫੀ ਸਦੀ, 2030 ਤੱਕ 30 ਫੀ ਸਦੀ ਤੇ 2040 ਤੱਕ 100 ਫੀ ਸਦੀ ਵਾਧਾ ਕੀਤੇ ਜਾਣ ਦਾ ਟੀਚਾ ਮਿੱਥਿਆ ਗਿਆ ਸੀ।

ਪਿਛਲੇ ਸਾਲ ਇਲੈਕਟ੍ਰਿਕ ਤੇ ਪਲੱਗ ਇਨ ਹਾਈਬ੍ਰਿਡ ਕਾਰਾਂ ਦੀ ਰਲਾ ਕੇ ਵਿੱਕਰੀ ਦੋ ਫੀ ਸਦੀ ਹੀ ਰਹੀ ਸੀ। ਟਰਾਂਸਪੋਰਟ ਕੈਨੇਡਾ ਦਾ ਕਹਿਣਾ ਹੈ ਕਿ ਪਹਿਲੀ ਮਈ ਤੋਂ ਲੈ ਕੇ ਹੁਣ ਤੱਕ 14000 ਤੋਂ ਵੀ ਵੱਧ ਇਲੈਕਟ੍ਰਿਕ ਕਾਰਾਂ ਤੇ ਮਿਨੀਵੈਨਜ਼ ਇਸ ਛੋਟ ਤੋਂ ਬਾਅਦ ਤੋਂ ਦੇਸ਼ ਭਰ ਵਿੱਚ ਵਰਤੀਆਂ ਜਾ ਰਹੀਆਂ ਹਨ। ਇਸ ਛੋਟ ਪ੍ਰੋਗਰਾਮ ਦੀ ਨਿਗਰਾਨੀ ਕਰ ਰਹੇ ਡਿਪਾਰਟਮੈਂਟ ਦਾ ਕਹਿਣਾ ਹੈ ਕਿ ਜਨਵਰੀ ਤੋਂ ਜੂਨ ਦਰਮਿਆਨ ਇਨ੍ਹਾਂ ਇਲੈਕਟ੍ਰਿਕ ਗੱਡੀਆਂ ਦੀ ਵਿੱਕਰੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ 30 ਫੀ ਸਦੀ ਵਾਧਾ ਹੋਇਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਬੀਸੀ ਵਿੱਚ ਹੋਏ ਤਿੰਨ ਕਤਲਾਂ ਦੇ ਮਸ਼ਕੂਕਾਂ ਦੀਆਂ ਲਾਸ਼ਾਂ ਮਿਲੀਆਂ



ਮੈਨੀਟੋਬਾ, 7 ਅਗਸਤ (ਪੋਸਟ ਬਿਊਰੋ) : ਮੈਨੀਟੋਬਾ ਦੀ ਆਰਸੀਐਮਪੀ ਦਾ ਕਹਿਣਾ ਹੈ ਕਿ ਬੀਸੀ ਵਿੱਚ ਹੋਏ ਕਤਲਾਂ ਦੇ ਮਸ਼ਕੂਕਾਂ ਦੀ ਭਾਲ ਦੌਰਾਨ ਮਿਲੀਆਂ ਦੋ ਲਾਸ਼ਾਂ ਬ੍ਰਾਇਅਰ ਸ਼ਮੈਗੈਲਸਕੀ ਤੇ ਕੈਮ ਮੈਕਲਿਓਡ ਦੀਆਂ ਹੀ ਲੱਗ ਰਹੀਆਂ ਹਨ।

ਪੁਲਿਸ ਅਧਿਕਾਰੀਆਂ ਨੂੰ ਇਹ ਲਾਸ਼ਾਂ ਬੁੱਧਵਾਰ ਨੂੰ ਸਵੇਰੇ 10:00 ਵਜੇ ਦੇ ਨੇੜੇ ਤੇੜੇ ਉਸ ਥਾਂ ਤੋਂ ਇੱਕ ਕਿਲੋਮੀਟਰ ਦੀ ਦੂਰੀ ਉੱਤੇ ਮਿਲੀਆਂ ਜਿੱਥੋਂ ਮਸ਼ਕੂਕਾਂ ਨਾਲ ਸਬੰਧਤ ਕੁੱਝ ਚੀਜ਼ਾਂ ਪਹਿਲਾਂ ਹੀ ਮਿਲ ਚੁੱਕੀਆਂ ਸਨ। ਇਹ ਥਾਂ ਉਸ ਥਾਂ ਤੋਂ ਅੱਠ ਕਿਲੋਮੀਟਰ ਦੀ ਦੂਰੀ ਉੱਤੇ ਸੀ ਜਿੱਥੇ ਤਿੰਨ ਹਫਤੇ ਪਹਿਲਾਂ ਮਸ਼ਕੂਕਾਂ ਨਾਲ ਸਬੰਧਤ ਐਸਯੂਵੀ ਸੜੀ ਹੋਈ ਪਾਈ ਗਈ ਸੀ।

ਆਰਸੀਐਮਪੀ ਮੈਨੀਟੋਬਾ ਦੇ ਅਸਿਸਟੈਂਟ ਕਮਿਸ਼ਨਰ ਜੇਨ ਮੈਕਲੈਚੀ ਨੇ ਬੁੱਧਵਾਰ ਨੂੰ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਸਮੇਂ ਅਸੀਂ ਇਹੋ ਮੰਨ ਕੇ ਚੱਲ ਰਹੇ ਹਾਂ ਕਿ ਇਹ ਲਾਸ਼ਾਂ ਉਨ੍ਹਾਂ ਮਸ਼ਕੂਕਾਂ ਦੀਆਂ ਹੀ ਹਨ ਜਿਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਤਿੰਨ ਕਤਲਾਂ ਨੂੰ ਅੰਜਾਮ ਦਿੱਤਾ।

ਮੈਕਲੈਚੀ ਨੇ ਦੱਸਿਆ ਕਿ ਜਿਹੜੇ ਅਧਿਕਾਰੀ ਪੈਦਲ ਹੀ ਇਲਾਕੇ ਦੀ ਜਾਂਚ ਕਰ ਰਹੇ ਸਨ ਉਨ੍ਹਾਂ ਨੂੰ ਹੀ ਇਹ ਲਾਸ਼ਾਂ ਮਿਲੀਆਂ। ਉਨ੍ਹਾਂ ਆਖਿਆ ਕਿ ਅਜੇ ਵੀ ਇਨ੍ਹਾਂ ਦੀ ਸ਼ਨਾਖ਼ਤ ਕਰਨ ਲਈ ਪੋਸਟਮਾਰਟਮ ਕਰਵਾਇਆ ਜਾਣਾ ਬੇਹੱਦ ਜ਼ਰੂਰੀ ਹੈ ਤੇ ਇਹ ਪਤਾ ਲਾਇਆ ਜਾਣਾ ਵੀ ਜ਼ਰੂਰੀ ਹੈ ਕਿ ਇਨ੍ਹਾਂ ਦੀ ਮੌਤ ਦਾ ਕਾਰਨ ਕੀ ਰਿਹਾ। ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬ੍ਰਿਟਿਸ਼ ਕੋਲੰਬੀਆ ਆਰਸੀਐਮਪੀ ਦੇ ਅਸਿਸਟੈਂਟ ਕਮਿਸ਼ਨਰ ਕੈਵਿਨ ਹੈਕੇਟ ਨੇ ਆਖਿਆ ਕਿ ਸਾਰੇ ਸਬੂਤ ਲੱਭ ਲਏ ਜਾਣ ਤੱਕ ਜਾਂਚ ਚੱਲਦੀ ਰਹੇਗੀ। ਉਨ੍ਹਾਂ ਇਹ ਵੀ ਆਖਿਆ ਕਿ ਕਤਲਾਂ ਦਾ ਕਾਰਨ ਹਮੇਸ਼ਾਂ ਲਈ ਰਹੱਸ ਬਣ ਕੇ ਹੀ ਰਹਿ ਜਾਵੇਗਾ।

ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਨੇ ਆਰਸੀਐਮਪੀ ਤੇ ਲੋਕਲ ਪੁਲਿਸ ਡਿਪਾਰਟਮੈਂਟਸ ਵੱਲੋਂ ਕੀਤੀਆਂ ਅਣਥੱਕ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਆਖਿਆ ਕਿ ਇਹ ਜਾਂਚ ਤੇ ਤਲਾਸ਼ ਦਾ ਕੰਮ ਕੋਈ ਆਸਾਨ ਨਹੀਂ ਰਿਹਾ। ਉਨ੍ਹਾਂ ਆਖਿਆ ਕਿ ਇਸ ਜਾਂਚ ਮੁਹਿੰਮ ਦੌਰਾਨ ਲੰਡਨ, ਇੰਗਲੈਂਡ ਤੋਂ ਲੈ ਕੇ ਮਾਸਕੋ, ਰੂਸ ਤੱਕ ਦਾ ਸਫਰ ਕਰਨ ਜਿੰਨਾ ਇਲਾਕਾ ਛਾਣ ਮਾਰਿਆ ਗਿਆ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741

LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

## ਸ਼ੋਕ ਸਮਾਚਾਰ

### ਪ੍ਰਿੰਸੀਪਲ ਬਲਬੀਰ ਸਿੰਘ ਗਿੱਲ ਨਹੀਂ ਰਹੇ

ਅੰਤਿਮ ਸੰਸਕਾਰ 11 ਅਗਸਤ ਨੂੰ



ਮੋਗਾ ਜ਼ਿਲ੍ਹੇ ਦੇ ਪਿੰਡ ਡਾਲਾ ਦੇ ਜੰਮਪਲ ਉੱਘੇ ਸਮਾਜ-ਸੇਵਕ, ਨਾਮਵਰ ਸ਼ਖ਼ਸੀਅਤ ਤੇ ਲੰਮੇ ਸਮੇਂ ਤੋਂਕੈਨੇਡਾ ਦੇ ਸ਼ਹਿਰ ਮਿਸੀਸ਼ਾਗਾ ਦੇ ਵਸਨੀਕ ਪ੍ਰਿੰਸੀਪਲ ਬਲਬੀਰ ਸਿੰਘ ਗਿੱਲ ਪਿਛਲਾ ਜੱਦੀ ਪਿੰਡ ਡਾਲਾ (ਮੋਗਾ) ਦਾ ਕੈਨੇਡਾ 'ਚ ਦਿਹਾਂਤ ਹੋ ਗਿਆ ਹੈ। ਉਹ ਕੈਨੇਡਾ 'ਚ ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਨਾਲ ਜੁੜੇ ਹੋਏ ਸਨ।ਉਨ੍ਹਾਂ ਦਾ ਅੰਤਿਮ ਸੰਸਕਾਰ 11 ਅਗਸਤ ਦਿਨ ਐਤਵਾਰ ਨੂੰ ਦੁਪਿਹਰ 11ਤੋਂ 1ਵਜੇ ਤੱਕ Bramton crematorium & Visitation centre 30 Bramwin Court, BRAMPTON, ON L6T 5G2 ਹੋਵੇਗਾ।ਉਸ ਤੋ ਬਾਅਦ 2 ਤੋਂ 4 ਵਜੇ ਭੋਗ ਤੇ ਅੰਤਿਮ ਅਰਦਾਸ Gurdwara Ontario Khalsa Darbar 7080 Dixie Road Mississauga ਵਿਖੇ ਹੋਵੇਗੀ। ਭਾਣੇ ਵਿੱਚ AMRITPAL Gill (647) 404-5812 Tejinder Gill (416) 414-1496 ਗਿੱਲ ਪਰੀਵਾਰ ਤੇ ਰਿਸ਼ਤੇਦਾਰ ਮਿੱਤਰ


# ਛੁਰੇਬਾਜ਼ੀ ਵਿੱਚ ਇੱਕ ਵਿਅਕਤੀ ਦੀ ਮੌਤ



ਟੋਰਾਂਟੋ, 7 ਅਗਸਤ (ਪੋਸਟ ਬਿਊਰੋ) : ਬੁੱਧਵਾਰ ਦੁਪਹਿਰ ਨੂੰ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ।

ਇਹ ਘਟਨਾ ਦੁਪਹਿਰੇ 3:00 ਵਜੇ ਦੇ ਨੇੜੇ ਤੇੜੇ ਰੁਸ਼ਤੋਂਨ ਰੋਡ ਤੇ ਸੇਂਟ ਕਲੇਅਰ ਐਵਨਿਊ ਵੈਸਟ ਨੇੜੇ ਵਾਪਰੀ। ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਛੁਰੇਬਾਜ਼ੀ ਵਿੱਚ ਜ਼ਖ਼ਮੀ ਹੋਏ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਜਾਂਚਕਾਰਾਂ ਅਨੁਸਾਰ ਇਸ ਮਾਮਲੇ ਵਿੱਚ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਅਜੇ ਤੱਕ ਕਿਸੇ ਤਰ੍ਹਾਂ ਦੇ ਚਾਰਜਿਜ਼ ਨਹੀਂ ਲਾਏ ਗਏ। ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

UK TRUCK TRAINING CENTRE
ukttc UK
PCC #179958
Registered as a Private Careers College
Forklift $79 Recertification

Kuldip Singh Grewal
647.894.8590
Automatic & Manual Trucks
○1:1 Training
Forklift Training
Reach Truck
Counterbalance
Air Brake Classes
Sat-Sun 8am to 4pm
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergillawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸੁਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਵਿਦਿਆਰਥਣ ਉੱਤੇ ਜਿਨਸੀ ਹਮਲਾ ਕਰਨ ਦੇ ਸਬੰਧ ਵਿਚ ਪ੍ਰਿੰਸੀਪਲ ਨੂੰ ਕੀਤਾ ਗਿਆ ਚਾਰਜ



ਹੈਮਿਲਟਨ, 7 ਅਗਸਤ (ਪੋਸਟ ਬਿਊਰੋ) : ਇੱਕ ਵਿਦਿਆਰਥਣ ਉੱਤੇ ਜਿਨਸੀ ਹਮਲਾ ਕਰਨ ਦੇ ਦੋਸ਼ ਵਿੱਚ ਹੈਮਿਲਟਨ ਦੇ ਮਿਡਲ ਸਕੂਲ ਦੇ ਪ੍ਰਿੰਸੀਪਲ ਨੂੰ ਚਾਰਜ ਕੀਤਾ ਗਿਆ ਹੈ।
2017 ਵਿੱਚ ਪੁਲਿਸ ਕੋਲ ਕੀਤੀ ਗਈ ਸ਼ਿਕਾਇਤ ਵਿੱਚ ਰਾਇਰਸਨ ਮਿਡਲ ਸਕੂਲ ਦੇ ਪ੍ਰਿੰਸੀਪਲ ਉੱਤੇ ਵਿਦਿਆਰਥਣ ਉੱਤੇ ਜਿਨਸੀ ਹਮਲਾ ਕਰਨ ਦਾ ਦੋਸ਼ ਲਾਇਆ ਗਿਆ ਤੇ ਇਸ ਸਬੰਧ ਵਿੱਚ ਪੁਲਿਸ ਵੱਲੋਂ ਜਾਂਚ ਆਰੰਭੀ ਗਈ। ਜਾਂਚਕਾਰਾਂ ਅਨੁਸਾਰ 54 ਸਾਲਾ ਪ੍ਰਿੰਸੀਪਲ ਨੂੰ ਹੈਮਿਲਟਨ ਵੈਂਟਵਰਥ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ 2003 ਵਿੱਚ ਨੌਕਰੀ ਉੱਤੇ ਰੱਖਿਆ ਗਿਆ ਤੇ ਉਸ ਨੇ ਸਤੰਬਰ 2014 ਵਿੱਚ ਰਾਇਰ-ਸਨ ਮਿਡਲ ਸਕੂਲ ਵਿੱਚ ਕੰਮ ਕਰਨਾ ਸ਼ੁਰੂ ਕੀਤਾ।
ਮੰਗਲਵਾਰ ਨੂੰ ਹੈਮਿਲਟਨ ਵਿੱਚ ਪੁਲਿਸ ਸਟੇਸ਼ਨ ਅਟੈਂਡ ਕਰਨ ਤੋਂ ਬਾਅਦ ਦਾਮਿਰ ਇਵਾਨਕੋਵਿਕ ਨੂੰ ਇਸ ਜਾਂਚ ਦੇ ਸਬੰਧ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਉਸ ਨੂੰ ਜਿਨਸੀ ਹਮਲਾ ਕਰਨ ਤੇ ਜਿਨਸੀ ਛੇੜਛਾੜ ਲਈ ਚਾਰਜ ਕੀਤਾ ਗਿਆ ਹੈ। ਬੁੱਧਵਾਰ ਨੂੰ ਸਕੂਲ ਵੱਲੋਂ ਇਸ ਗ੍ਰਿਫਤਾਰੀ ਦੇ ਸਬੰਧ ਵਿੱਚ ਇੱਕ ਬਿਆਨ ਜਾਰੀ ਕੀਤਾ ਗਿਆ। ਜਿਸ ਵਿੱਚ ਸਕੂਲ ਬੋਰਡ ਦੇ ਮੈਨੇਜਰ ਆਫ ਕਮਿਊਨਿਕੇਸ਼ਨ ਐਂਡ ਕਮਿਊਨਿਟੀ ਐਂਗੇਜਮੈਂਟ ਸ਼ਾਅਨ ਮੈਕਿਲੌਪ ਵੱਲੋਂ ਆਖਿਆ ਗਿਆ ਕਿ ਹਰ ਵਿਦਿਆਰਥੀ ਦੀ ਸੇਫਟੀ ਤੇ ਸਕਿਊਰਿਟੀ ਹੀ ਸਾਡੀ ਸੱਭ ਤੋਂ ਅਹਿਮ ਤਰਜੀਹ ਹੈ।
ਇਸ ਮਾਮਲੇ ਦੀ ਅਗਲੀ ਸੁਣਵਾਈ 3 ਸਤੰਬਰ ਨੂੰ ਅਦਾਲਤ ਵਿੱਚ ਹੋਣ ਦੀ ਸੰਭਾਵਨਾ ਹੈ।

# ਟੈਰਰ ਫੰਡਿੰਗ ਕੇਸ ਵਿੱਚ ਅੱਤਵਾਦੀ ਹਾਫ਼ਿਜ਼ ਸਈਦ ਦੋਸ਼ੀ ਕਰਾਰ

## * ਅਦਾਲਤੀ ਫੈਸਲੇ ਪਿੱਛੋਂ ਗੁਜਰਾਤ ਦੀ ਜ਼ਿਲਾ ਜੇਲ੍ਹ ਭੇਜ ਦਿੱਤਾ ਗਿਆ

ਇਸਲਾਮਾਬਾਦ, 7 ਅਗਸਤ, (ਪੋਸਟ ਬਿਊਰੋ)- ਮੁੰਬਈ ਵਿੱਚ ਹੋਏ ਦਹਿਸ਼ਤਗਰਦ ਹਮਲੇ ਦੇ ਮੁੱਖ ਸਾਜ਼ਸ਼ ਕਰਤਾ ਅਤੇ ਜਮਾਤ-ਉਦ-ਦਾਅਵਾ ਦੇ ਮੁਖੀ ਹਾਫ਼ਿਜ਼ ਸਈਦ ਨੂੰ ਪਾਕਿਸਤਾਨ ਦੀ ਇਕ ਅਦਾਲਤ ਨੇ ਦੋਸ਼ੀ ਕਰਾਰ ਦੇ ਦਿੱਤਾ ਅਤੇ ਇਸਫੈਸਲੇ ਪਿੱਛੋਂ ਲਾਹੌਰ ਅਦਾਲਤ ਤੋਂ ਉਸ ਨੂੰ ਪਾਕਿਸਤਾਨ ਦੇ ਗੁਜਰਾਤ ਵਿੱਚ ਭੇਜ ਦਿੱਤਾ ਗਿਆ ਹੈ।
ਵਰਨਣ ਯੋਗ ਹੈ ਕਿ ਹਾਫ਼ਿਜ਼ ਸਈਦ ਨੂੰ ਬੀਤੀ 17 ਜੁਲਾਈ ਨੂੰ ਗੁੱਜਰਾਂਵਾਲਾ ਵਿਚੋਂਮਨੀ ਲਾਂਡਰਿੰਗ ਅਤੇ ਟੈਰਰ ਫੰਡਿੰਗ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਪਾਕਿਸਤਾਨ ਦੇ ਕਾਊਂਟਰ ਟੈਰਰਿਜ਼ਮ ਡਿਪਾਰਟਮੈਂਟ ਨੇ ਹਾਫਿਜ਼ ਦੀ ਗ੍ਰਿਫ਼ਤਾਰੀ ਅਤਿਵਾਦੀ ਟੋਲਿਆਂ ਨੂੰ ਆਰਥਕ ਮਦਦ ਦੇਣ ਦੇ ਦੋਸ਼ ਹੇਠ ਕੀਤੀ ਸੀ। ਉਹਪਹਿਲਾਂ ਵੀ ਕਈ ਵਾਰ ਗ੍ਰਿਫ਼ਤਾਰ ਹੋ ਚੁਕਾ ਹੈ, ਪਰ ਬਾਅਦ ਵਿੱਚ ਛੱਡ ਦਿੱਤਾ ਜਾਂਦਾ ਰਿਹਾ ਹੈ। ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕੁਝ ਪਿਛਲੇ ਮਹੀਨੇ ਆਪਣੇ ਅਮਰੀਕਾ ਦੌਰੇ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ



ਇਹ ਮੰਨਿਆ ਸੀ ਕਿ ਅਜੇ ਵੀ ਪਾਕਿ-ਸਤਾਨ ਵਿੱਚ 40 ਹਜ਼ਾਰ ਅਤਿਵਾਦੀ ਮੌਜੂਦ ਹਨ।
ਮੁੰਬਈ ਵਿੱਚ ਸਾਲ 2008 ਵਿੱਚ ਹੋਏ ਦਹਿਸ਼ਤਗਰਦ ਹਮਲੇ ਦੇ ਮੁੱਖ ਸਾਜ਼ਿਸ਼ ਕਰਤਾ ਹਾਫ਼ਿਜ਼ ਸਈਦ ਨੇ ਕਈ ਅਤਿਵਾਦੀ ਹਮਲੇ ਭਾਰਤ ਵਿੱਚ ਕਰਵਾਏ ਹੋਏ ਹਨ। 2008 ਦੇ ਮੁੰਬਈ ਅਤਿਵਾਦੀ ਹਮਲੇ ਵਿੱਚ 166 ਲੋਕਾਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਵਿੱਚ 16 ਵਿਦੇਸ਼ੀ ਲੋਕ ਸਨ। ਉਸ ਨੂੰ ਦਸੰਬਰ 2001, ਮਈ 2002, ਅਕਤੂਬਰ 2002, ਅਗਸਤ 2006 ਵਿੱਚ ਦੋ ਵਾਰ, ਦਸੰਬਰ 2008, ਸਤੰਬਰ 2009 ਤੇ ਜਨਵਰੀ 2017 ਵਿੱਚ ਵੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਕਾਊਂਟਰ ਟੈਰੋਰਿਜ਼ਮ ਡਿਪਾਰਟਮੈਂਟ ਨੇ ਹਾਫ਼ਿਜ਼ ਸਈਦ ਦੇ ਵਿਰੁੱਧ 23 ਤੋਂ ਵੱਧ ਕੇਸ ਦਰਜ ਕੀਤੇ ਹੋਏ ਹਨ।
ਅੱਜ ਦੇ ਅਦਾਲਤੀ ਫੈਸਲੇ ਤੋਂ ਬਾਅਦ ਹਾਫਿਜ਼ ਸਈਦ ਨੂੰ ਪਾਕਿਸਤਾਨੀ ਪੰਜਾਬ ਦੇ ਗੁਜਰਾਤ ਜ਼ਿਲੇ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ। ਪਾਕਿਸਤਾਨੀ ਪੰਜਾਬ ਦਾ ਗੁਜਰਾਤ ਜ਼ਿਲਾ ਗੁੱਜਰਾਂਵਾਲਾ ਤੋਂ ਅੱਗੇ ਭਾਰਤ ਦੇ ਜੰਮੂ ਸ਼ਹਿਰ ਤੋਂ ਮਸਾਂ ਸੱਠ ਕੁ ਕਿਲੋਮੀਟਰ ਦੂਰੀ ਉੱਤੇ ਦੱਸਿਆ ਜਾਂਦਾ ਹੈ ਤੇ ਇਹ ਅੱਤਵਾਦ ਪੱਖੋਂ ਨਾਜ਼ਕ ਇਲਾਕਾ ਹੈ।

# ਚੌਥੇ ਦਿਨ ਵੀ ਡਾਲਰ ਦੇ ਮੁਕਾਬਲੇ ਡਿੱਗਿਆ ਰੁਪਿਆ


ਨਵੀਂ ਦਿੱਲੀ, 7 ਅਗਸਤ, (ਪੋਸਟ ਬਿਊਰੋ): ਅੰਤਰ-ਰਾਸ਼ਟਰੀ ਬਾਜ਼ਾਰ 'ਚ ਰੁਪਏ ਦੀ ਸ਼ੁਰੂਆਤ ਅੱਜ ਕਮਜ਼ੋਰੀ ਨਾਲ ਹੋਈ। ਰੁਪਏ ਦੀ ਕੀਮਤ ਲਗਾਤਾਰ ਚੌਥੇ ਦਿਨ ਡਾਲਰ ਦੇ ਮੁਕਾਬਲੇ ਘਟਦੀ ਨਜ਼ਰ



ਆਈ। ਅੱਜ ਰੁਪਿਆ ਦਿਨ ਦੀ ਸ਼ੁਰੂਆਤ ਨਾਲ ਹੀ ਡਾਲਰ ਦੇ ਮੁਕਾਬਲੇ 15 ਪੈਸੇ ਦੀ ਕਮਜ਼ੋਰੀ ਦੇ ਨਾਲ 70.96 'ਤੇ ਖੁੱਲ੍ਹਿਆ। ਬੀਤੇ ਦਿਨ ਰੁਪਿਆ 70.81 'ਤੇ ਬੰਦ ਹੋਇਆ ਸੀ।

# ਅਯੋਧਿਆ ਕੇਸ: ਕੋਰਟ ਨੇ ਨਿਰਮੋਹੀ ਅਖਾੜਾ ਤੋਂ ਜ਼ਮੀਨ ਦੇ ਮਾਲਕੀ ਕਾਗਜ਼ ਮੰਗੇ

## * ਅਖਾੜਾ ਨੇ ਕਿਹਾ: ਡਕੈਤੀ ਹੋਈ ਸੀ, ਉਦੋਂ ਗਵਾਚ ਗਏ



ਨਵੀਂ ਦਿੱਲੀ, 7 ਅਗਸਤ, (ਪੋਸਟ ਬਿਊਰੋ)- ਅਯੁੱਧਿਆ ਵਿੱਚ ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਦੇ ਜ਼ਮੀਨੀ ਮਾਲਕੀ ਵਾਲੇ ਕੇਸ ਵਿੱਚ ਸੁਪਰੀਮ ਕੋਰਟ ਵਿੱਚ ਅੱਜ ਬੁੱਧਵਾਰ ਦੂਜੇ ਦਿਨ ਦੀ ਸੁਣਵਾਈ ਦੌਰਾਨ ਅਦਾਲਤ ਨੇ ਨਿਰਮੋਹੀ ਅਖਾੜੇ ਨੂੰ ਇਸ ਕੇਸ ਨਾਲ ਸਬੰਧਤ 2.77 ਏਕੜ ਜ਼ਮੀਨ ਦੇ ਦਸਤਾਵੇਜ਼ ਪੇਸ਼ ਕਰਨ ਨੂੰ ਕਿਹਾ। ਇਸ ਉੱਤੇ ਅਦਾਲਤ ਨੂੰ ਦੱਸਿਆ ਗਿਆ ਕਿ 1982 ਵਿੱਚ ਇੱਕ ਡਾਕਾ ਪਿਆ ਸੀ, ਓਦੋਂ ਦਸਤਾਵੇਜ਼ ਗਵਾਚ ਗਏ ਸਨ।
ਵਰਨਣ ਯੋਗ ਹੈ ਕਿ ਬੀਤੇ ਮੰਗਲਵਾਰ ਨੂੰ ਸੁਣਵਾਈ ਦੌਰਾਨ ਨਿਰਮੋਹੀ ਅਖਾੜੇ ਨੇ ਸਾਰੀ 2.77 ਏਕੜ ਵਿਵਾਦਤ ਜ਼ਮੀਨ ਉੱਤੇ ਆਪਣਾ ਕਬਜ਼ਾ ਹੋਣ ਦਾ ਦਾਅਵਾ ਕੀਤਾ ਸੀ।ਵਿਚੋਲਗੀ ਪੈਨਲ ਵੱਲੋਂ ਕੇਸ ਦਾ ਹੱਲ ਨਾ ਕੀਤੇ ਜਾ ਸਕਣ ਤੋਂ ਬਾਅਦ ਅਦਾਲਤ ਇਸ ਕੇਸ ਬਾਰੇ ਮੰਗਲਵਾਰ ਤੋਂ ਰੋਜ਼ਾਨਾ ਸੁਣਵਾਈ ਕਰ ਰਹੀ ਹੈ। ਇਹ ਸੁਣਵਾਈ ਉਦੋਂ ਤਕ ਹੋਵੇਗੀ, ਜਦੋਂ ਤੱਕ ਨਤੀਜਾ ਨਹੀਂ ਨਿਕਲਦਾ। ਇਸ ਸੁਣਵਾਈ ਦੇ ਦੂਜੇ ਦਿਨ ਨਿਰਮੋਹੀ ਅਖਾੜਾ ਦੇ ਸੀਨੀਅਰ ਐਡਵੋਕੇਟਸੁਸ਼ੀਲ ਜੈਨ ਨੇ ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਪੰਜ ਜੱਜਾਂ ਦੀ ਬੈਂਚ ਅੱਗੇ ਆਪਣਾ ਪੱਖ ਰੱਖਿਆ।ਮੰਗਲਵਾਰ ਨੂੰ ਮੰਗ ਕੀਤੀ ਗਈ ਸੀ ਕਿ ਵਿਵਾਦਤ 2.77 ਏਕੜ ਜ਼ਮੀਨ ਉੱਤੇ ਉਨ੍ਹਾਂ ਦਾ ਕੰਟਰੋਲ ਤੇ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਵਿਵਾਦਤ 2.77 ਏਕੜ ਜ਼ਮੀਨ ਉੱਤੇ 1934 ਤੋਂ ਮੁਸਲਮਾਨਾਂ ਦੇ ਜਾਣ ਦੀ ਮਨਾਹੀ ਹੈ। ਸਾਲ 2010 ਵਿੱਚ ਅਲਾਹਾਬਾਦ ਹਾਈਕੋਰਟ ਵੱਲੋਂ ਦਿੱਤੇ ਗਏ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ 14 ਧਿਰਾਂ ਨੇ ਪਟੀਸ਼ਨਾਂ ਦਾਇਰ ਕੀਤੀਆਂ ਸਨ। ਹਾਈਕੋਰਟ ਨੇ ਆਪਣੇ ਫੈਸਲੇ ਵਿੱਚ ਅਯੁੱਧਿਆ ਦੀ 2.77 ਏਕੜ ਜ਼ਮੀਨ ਨੂੰ ਤਿੰਨ ਧਿਰਾਂ: ਸੁੰਨੀ ਵਕਫ਼ ਬੋਰਡ, ਨਿਰਮੋਹੀ ਅਖਾੜਾ ਅਤੇ ਰਾਮਲੱਲਾ ਬਿਰਾਜਮਾਨ ਵਿੱਚ ਬਰਾਬਰ ਵੰਡਣ ਲਈ ਕਿਹਾ ਸੀ।

# ਕੁਹਾੜੀ ਮਾਰ ਕੇ ਪਤਨੀ ਦਾ ਕਤਲ

ਕਾਲਾਂਵਾਲੀ, 7 ਅਗਸਤ (ਪੋਸਟ ਬਿਊਰੋ)- ਖੇਤਰ ਦੇ ਪਿੰਡ ਬੜਾਗੁੜਾ ਦੇ ਇਕ ਨੌਜਵਾਨ ਨੇ ਆਪਣੀ ਪਤਨੀ ਨੂੰ ਕੁਹਾੜੀ ਮਾਰ ਕੇ ਕਤਲ ਕਰ ਦਿੱਤਾ ਅਤੇ ਇਸ ਤੋਂ ਬਾਅਦ ਉਸ ਨੇ ਖੁਦ ਹੀ ਬੜਾਗੁੜਾ ਥਾਣਾ ਵਿੱਚ ਪਹੁੰਚ ਕੇ ਆਪਣਾ ਗੁਨਾਹ ਕਬੂਲ ਕਰਦੇ ਹੋਏ ਗ੍ਰਿਫਤਾਰੀ ਦੇ ਦਿੱਤੀ। ਸੂਚਨਾ ਮਿਲਣ ਉਤੇ ਥਾਣਾ ਬੜਾਗੁੜਾ ਪੁਲਸ ਮੌਕੇ 'ਤੇ ਪਹੁੰਚੀ। ਮਿਲੀ ਜਾਣਕਾਰੀ ਅਨੁਸਾਰ ਬੜਾਗੁੜਾ ਦਾ ਵਾਸੀ ਕਾਲਾ ਸਿੰਘ, ਜੋ ਮਜ਼ਦੂਰੀ ਦਾ ਕੰਮ ਕਰਦਾ ਸੀ, ਦਾ ਆਪਣੀ ਪਤਨੀ ਸੁਖਪ੍ਰੀਤ ਕੌਰ ਨਾਲ ਪਿਛਲੇ ਕੁਝ ਸਮੇਂ ਤੋਂ ਝਗੜਾ ਚੱਲ ਰਿਹਾ ਸੀ, ਜਿਸ ਕਾਰਨ ਉਹ ਆਪਣੇ ਬੇਟੇ ਨਾਲ ਆਪਣੇ ਮਾਤਾ ਪਿਤਾ ਨਾਲ ਵੱਖਰੇ ਘਰ 'ਚ ਰਹਿ ਰਿਹਾ ਸੀ ਤੇ ਸੁਖਪ੍ਰੀਤ ਕੌਰ ਇਕੱਲੀ ਆਪਣੀ ਧੀ ਨਾਲ ਰਹਿੰਦੀ ਸੀ। ਕਾਲਾ ਸਿੰਘ ਨੂੰ ਸੁਖਪ੍ਰੀਤ ਕੌਰ ਦੇ ਚਾਲ ਚਲਣ ਉਤੇ ਸ਼ੱਕ ਸੀ, ਜਿਸ ਕਾਰਨ ਉਨ੍ਹਾਂ ਦਾ ਕਈ ਵਾਰ ਝਗੜਾ ਹੋ ਚੁੱਕਾ ਸੀ। ਕੱਲ੍ਹ ਸਵੇਰੇ ਵੀ ਦੋਵਾਂ ਵਿਚ ਝਗੜਾ ਹੋ ਗਿਆ ਤਾਂ ਉਸ ਨੇ ਤੈਸ਼ ਵਿਚ ਆ ਕੇ ਸੜਕ ਉਤੇ ਹੀ ਉਸ ਉਤੇ ਕੁਹਾੜੀ ਨਾਲ ਵਾਰ ਕਰ ਦਿੱਤਾ ਜਿਸ ਨਾਲ ਉਸ ਦੀ ਮੌਤ ਹੋ ਗਈ। ਸੁਖਪ੍ਰੀਤ ਕੌਰ ਨੂੰ ਮਾਰਨ ਤੋਂ ਬਾਅਦ ਕਾਲਾ ਸਿੰਘ ਖੁਦ ਥਾਣੇ ਪੇਸ਼ ਹੋ ਗਿਆ। ਮ੍ਰਿਤਕਾ ਦੇ ਪਰਵਾਰ ਤੇ ਉਸ ਦੇ ਪਿਤਾ ਅਮਰੀਕ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਧੀ ਦਾ ਪਤੀ ਗਲਤ ਰਸਤੇ ਉਤੇ ਚੱਲ ਰਿਹਾ ਸੀ, ਪਰ ਜਦੋਂ ਸੁਖਪ੍ਰੀਤ ਕੌਰ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕਰਦੀ ਸੀ ਤਾਂ ਉਹ ਉਸ ਦੀ ਕੁੱਟਮਾਰ ਕਰਦਾ ਸੀ। ਕੱਲ੍ਹ ਉਸ ਨੇ ਆਪਣੇ ਪਰਵਾਰ ਵਾਲਿਆਂ ਨਾਲ ਮਿਲ ਕੇ ਉਸ ਨੂੰ ਮਾਰ ਦਿੱਤਾ ਹੈ। ਬੜਾਗੁੜਾ ਥਾਣਾ ਦੇ ਮੁਖੀ ਕ੍ਰਿਸ਼ਨ ਲਾਲ ਨੇ ਦੱਸਿਆ ਕਿ ਮ੍ਰਿਤਕਾ ਦੇ ਪਤੀ ਕਾਲਾ ਸਿੰਘ, ਉਸ ਦੇ ਭਰਾ ਨੀਟਾ ਸਿੰਘ, ਮ੍ਰਿਤਕਾ ਦੀ ਸੱਸ ਅਤੇ ਸਹੁਰੇ ਸਮੇਤ ਤਿੰਨ ਹੋਰਨਾਂ ਖਿਲਾਫ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।




# ਕਾਂਗਰਸ ਦੇ ਵਿਰੋਧ ਕਾਰਨ ਜਲਿਆਂਵਾਲਾ ਬਾਗ ਟਰੱਸਟ ਬਿੱਲ ਰਾਜ ਸਭਾ ਵਿੱਚ ਅਟਕਿਆ

ਨਵੀਂ ਦਿੱਲੀ, 7 ਅਗਸਤ, (ਪੋਸਟ ਬਿਊਰੋ)- ਜਲਿਆਂਵਾਲਾ ਬਾਗ ਕੌਮੀ ਯਾਦਗਾਰ (ਸੋਧ) ਬਿੱਲ ਅੱਜ ਬੁੱਧਵਾਰ ਨੂੰ ਰਾਜ ਸਭਾ ਵਿੱਚਵਿਰੋਧੀ ਧਿਰ ਕਾਂਗਰਸ ਦੇ ਵਿਰੋਧ ਕਾਰਨ ਪਾਸ ਨਹੀਂ ਹੋ ਸਕਿਆ। ਲੋਕ ਸਭਾ ਨੇ 2 ਅਗਸਤ ਨੂੰ ਇਹ ਬਿੱਲ ਪਾਸ ਕਰ ਦਿੱਤਾ ਸੀ, ਪਰ ਰਾਜ ਸਭਾ ਦੀ ਕਾਰਵਾਈ ਅਣਮਿੱਥੇ ਸਮੇਂ ਲਈ ਮੁਲਤਵੀ ਹੋ ਜਾਣ ਕਾਰਨ ਇਹ ਬਿਲ ਅਟਕ ਗਿਆ ਹੈ। ਇਹ ਬਿੱਲ ਰਾਜ ਸਭਾ ਦੀ ਅੱਜ ਦੀ ਕਾਰਜ ਸੂਚੀ ਵਿੱਚ ਸ਼ਾਮਲ ਸੀ।
ਰਾਜ ਸਭਾ ਦੇ ਚੇਅਰਮੈਨ ਵੈਂਕਈਆ ਨਾਇਡੂ ਨੇ ਕਿਹਾ ਕਿ ਮੈਂਬਰਾਂ ਨੂੰ ਇਹ ਸੂਚਨਾ ਮਿਲ ਗਈ ਹੈ ਕਿ ਭਾਰਤ ਦੀ ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦਾ ਦਿਹਾਂਤ ਹੋ ਗਿਆ ਹੈ, ਇਸ ਲਈ ਕੁਝ ਰਸਮੀ ਵਿਧਾਨਿਕ ਕੰਮਾਂ ਅਤੇ ਸਰਬਸੰਮਤੀ ਵਾਲੇ ਬਿੱਲਾਂ ਨੂੰ ਪਾਸ ਕਰਨ ਪਿੱਛੋਂਸਾਬਕਾ ਮੰਤਰੀ ਦੇ ਸਤਿਕਾਰ ਵਿੱਚ ਕਾਰਵਾਈ ਮੁਲਤਵੀ ਕੀਤੀ ਜਾਣੀ ਹੈ।
ਸੈਸ਼ਨ ਦਾ ਅੱਜ ਇਹ ਅੰਤਮ ਦਿਨ ਸੀ ਅਤੇ ਸਾਰਾ ਦੇਸ਼ ਇਸ ਸਾਲ ਜਲਿਆਂਵਾਲਾ ਬਾਗ ਕਾਂਡ ਦੀ ਸ਼ਤਾਬਦੀ ਮਨਾ ਰਿਹਾ ਹੈ। ਇਸ ਮੌਕੇ ਰਾਜ ਸਭਾ ਦੇ ਚੇਅਰਮੈਨ ਨੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਸਿੰਘ ਪਟੇਲ ਨੂੰ ਇਹ ਬਿੱਲ ਪੇਸ਼ ਕਰਨ ਲਈ ਕਿਹਾ, ਜਿਸ ਵਿੱਚ ਵਿਵਸਥਾ ਕੀਤੀ ਗਈ ਹੈ ਕਿ ਕਾਂਗਰਸ ਦਾ ਪ੍ਰਧਾਨ ਅੱਗੇ ਤੋਂ ਇਸ ਟਰੱਸਟਦਾ ਮੈਂਬਰ ਨਹੀਂ ਹੋਵੇਗਾ। ਪ੍ਰਹਿਲਾਦ ਸਿੰਘ ਪਟੇਲ ਵਲੋਂ ਬਿੱਲ ਪੇਸ਼ ਕਰਨ ਦੇ ਬਾਅਦ ਰਾਜ ਸਭਾ ਵਿੱਚ ਕਾਂਗਰਸ ਦੇ ਉਪ ਨੇਤਾ ਆਨੰਦ ਸ਼ਰਮਾ ਨੇ ਕਿਹਾ ਕਿ ਸਮੁੱਚਾ ਹਾਊਸ ਸੁਸ਼ਮਾ ਸਵਰਾਜ ਦੇ ਦਿਹਾਂਤ ਕਾਰਨ ਗਮਗੀਨ ਹੈ ਤੇ ਉਹ ਨਹੀਂ ਚਾਹੁੰਦੇ ਕਿ ਕੁੜੱਤਣ ਵਾਲਾ ਮਾਹੌਲ ਬਣੇ, ਇਹ ਸਭ ਨੂੰ ਪਤਾ ਹੈ ਕਿ ਕਾਂਗਰਸ ਨੇ ਦੇਸ਼ ਦੀ ਆਜ਼ਾਦੀ ਵਿੱਚ ਅਹਿਮ ਭੂਮਿਕਾ ਨਿਭਾਈ ਸੀ ਤੇ ਜਲਿਆਂਵਾਲਾ ਬਾਗ ਟਰੱਸਟ ਦਾ ਮੁੱਦਾ ਦੇਸ਼ ਦੀ ਭਾਵਨਾ ਨਾਲ ਜੁੜਿਆ ਹੈ। ਉਨ੍ਹਾਂ ਕਿਹਾ ਕਿ ਅੱਜ ਇਸ ਬਿੱਲ ਉੱਤੇ ਚਰਚਾ ਦਾ ਮਾਹੌਲ ਨਹੀਂ, ਗਮ ਦੇ ਮਾਹੌਲ ਵਿੱਚ ਹਾਊਸ ਤੋਂ ਕੋਈ ਗਲਤ ਸੰਦੇਸ਼ ਨਹੀਂ ਜਾਣਾ ਚਾਹੀਦਾ, ਇਸ ਲਈ ਇਸ ਬਿੱਲ ਨੂੰ ਅਗਲੇ ਸੈਸ਼ਨ ਤੱਕ ਰੋਕ ਦਿੱਤਾ ਜਾਵੇ। ਇਸ ਪਿੱਛੋਂ ਪ੍ਰਹਿਲਾਦ ਜੋਸ਼ੀ ਅਤੇ ਹੋਰਨਾਂ ਨੇ ਕਿਹਾ ਕਿ ਇਸ ਵਿੱਚ ਕੋਈ ਵੱਡੀ ਸੋਧ ਨਹੀਂ ਹੈ, ਤਿੰਨ ਛੋਟੀਆਂ ਸੋਧਾਂ ਹਨ, ਇਸ ਲਈ ਬਿੱਲ ਨੂੰ ਅੱਜ ਪਾਸ ਕਰ ਦੇਣਾ ਚਾਹੀਦਾ ਹੈ। ਕਾਂਗਰਸ ਦੇ ਨਾਲ ਕਈ ਹੋਰ ਪਾਰਟੀਆਂ ਦੇ ਮੈਂਬਰਾਂ ਨੇ ਕਿਹਾ ਕਿ ਬਿੱਲ ਨੂੰ ਜਾਂ ਬਿਨਾਂ ਬਹਿਸ ਪਾਸ ਕੀਤਾ ਜਾਵੇ ਜਾਂ ਅਗਲੇ ਸੈਸ਼ਨ ਤੱਕ ਟਾਲ ਦਿੱਤਾ ਜਾਵੇ। ਇਸ ਪਿੱਛੋਂ ਬਿੱਲ ਉੱਤੇ ਕੋਈ ਚਰਚਾ ਨਹੀਂ ਹੋ ਸਕੀ ਅਤੇ ਉਹ ਰੋਕ ਦਿੱਤਾ ਗਿਆ।

Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

MISSISSAUGA $975

Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.


WOODSTOCK $2,000
Photo Not Available
27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000

23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000

1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000

Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000
Photo Not Available
1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000
Photo Not Available
77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000

17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900

7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000
Photo Not Available
470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000

23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000


5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000

693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000

7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000

32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਨਿਊਜ਼ੀਲੈਂਡ ਦੇ ਸਾਂਸਦ ਕੰਵਲਜੀਤ ਸਿੰਘ ਬਖਸ਼ੀ ਵੱਲੋਂ ਸੁਸ਼ਮਾ ਸਵਰਾਜ ਦੀ ਅਚਨਚੇਤ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਔਕਲੈਂਡ, 7 ਅਗਸਤ (ਹਰਜਿੰਦਰ ਸਿੰਘ ਬਸਿਆਲਾ):ਭਾਰਤੀ ਦੀ ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ (67) ਦਾ ਬੀਤੀ ਰਾਤ ਦਿਲ ਦਾ ਦੌਰਾ ਪੈਣ ਨਾਲ ਦਿਹਾਂਤ ਹੋ ਗਿਆ। ਸੁਪਰੀਮ ਕੋਰਟ ਦੀ ਵਕੀਲ ਰਹੀ, ਭਾਜਪਾ ਪਾਰਟੀ ਦੀ ਸੀਨੀਅਰ ਨੇਤਾ, 25 ਸਾਲ ਦੀ ਉਮਰ ਵਿਚ ਹਰਿਆਣਾ ਦੀ ਐਮ. ਐਲ. ਏ ਅਤੇ ਮੰਤਰੀ ਬਨਣ ਵਾਲੀ ਰਾਜ ਸਭਾ ਅਤੇ ਲੋਕ ਸਭਾ ਲਈ ਕਈ ਵਾਰ ਚੁਣੀ ਗਈ ਸ੍ਰੀਮਤੀ ਸੁਸ਼ਮਾ ਸਵਰਾਜ ਨੇ ਵਿਦੇਸ਼ੀ ਵਸਦੇ ਭਾਰਤੀਆਂ ਦੀ ਭਲਾਈ ਲਈ ਬਹੁਤ ਸਾਰੇ ਕੰਮ ਕੀਤੇ ਸਨ। ਨਿਊਜ਼ੀਲੈਂਡ ਤੋਂ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਜੋ ਕਿ ਲਗਪਗ ਹਰ ਪ੍ਰਵਾਸੀ ਦਿਵਸ ਉਤੇ ਭਾਰਤ ਜਾਂਦੇ ਹਨ ਬਹੁਤ ਵਾਰ ਸੁਸ਼ਮਾ ਸਵਰਾਜ ਨੂੰ ਮਿਲੇ ਸਨ। ਉਨ੍ਹਾਂ ਨੇ ਜਨਵਰੀ 2019 ਦੇ ਵਿਚ ਹੋਏ ਪ੍ਰਵਾਸੀ ਸੰਮੇਲਨ ਦੇ ਵਿਚ ਉਨ੍ਹਾਂ ਨੂੰ ਮਿਲ ਕੇ ਐਨ. ਆਰ. ਆਈਜ਼ ਲਈ ਰਾਜ ਸਭਾ ਦੇ ਵਿਚ ਇਕ ਸੀਟ ਨਾਮਜ਼ਦ ਕਰਨ ਦਾ ਪ੍ਰਸਤਾਵ ਉਨ੍ਹਾਂ ਕੋਲ ਰੱਖਿਆ ਸੀ। ਸ੍ਰੀਮਤੀ ਸੁਸ਼ਮਾ ਸਵਰਾਜ ਨੇ ਨਿਊਜ਼ੀਲੈਂਡ ਆਉਣ ਬਾਰੇ ਵੀ ਆਪਣੀ ਦਿਲਚਸਪੀ ਵਿਖਾਈ ਹੋਈ ਸੀ ਅਤੇ ਉਹ ਆਪਣੇ ਮੰਤਰੀ ਕਾਲ ਦੌਰਾਨ ਫ੍ਰੀ ਟ੍ਰੇਡ ਸਮੇਝੌਤੇ ਨੂੰ 6"1 ਵੀ ਨੇੜਿਓ ਵੇਖ ਰਹੇ ਸਨ। ਫਰਵਰੀ 2019 ਦੇ ਵਿਚ ਸ੍ਰੀਮਤੀ ਸੁਸ਼ਮਾ ਸਵਰਾਜ ਨੇ ਐਨ. ਐਰ. ਆਈਜ਼ ਦੇ ਵਿਆਹ ਦੀ ਰਜਿਸਟ੍ਰੇਸ਼ਨ ਨੂੰ ਲੈ ਕੇ ਇਕ ਨਵਾਂ



ਕਾਨੂੰਨ ਵੀ ਸੰਸਦ ਦੇ ਵਿਚ ਲਿਆਂਦਾ ਸੀ ਜੋ ਕਿ 30 ਦਿਨਾਂ ਦੇ ਵਿਚ ਰਜਿਸਟ੍ਰੇਸ਼ਨ ਕਰਨ ਦਾ ਜਰੂਰੀ ਕੀਤਾ ਗਿਆ ਸੀ। ਸ. ਕੰਵਲਜੀਤ ਸਿੰਘ ਬਖਸ਼ੀ ਨੇ ਗਹਿਰਾ ਅਫਸੋਸ ਕਰਦਿਆਂ ਦੱਸਿਆ ਕਿ "ਸ੍ਰੀਮਤੀ ਸੁਸ਼ਮਾ ਸਵਰਾਜ ਇਕ ਬਿਹਤਰ ਨੇਤਾ, ਦੂਰ ਅੰਦੇਸ਼ੀ ਰੱਖਣ ਵਾਲੀ ਤਬੀਅਤ ਦੀ ਮਾਲਕ ਸੀ। ਉਸਨੇ ਵਿਦੇਸ਼ ਮੰਤਰਾਲੇ ਵਿਚ ਹੁੰਦਿਆਂ ਐਨ. ਆਰ. ਆਈਜ਼ ਦੇ ਮਾਮਲਿਆਂ ਨੂੰ ਬੜੀ ਸੰਜਮ ਦੇ ਨਾਲ ਨਜਿੱਠਿਆ। ਉਸਦੀ ਬੇਵਕਤੀ ਮੌਤ ਨੇ ਭਾਰਤੀ ਰਾਜਨੀਤੀ ਦੇ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਪੈਦਾ ਕੀਤਾ ਹੈ। ਉਹ ਇਕ ਅਜਿਹੀ ਮਹਿਲਾ ਨੇਤਾ ਸੀ ਜਿਸ ਨੇ ਆਪਣਾ ਘਰ ਤਾਂ ਸੰਭਾਲਿਆ ਹੀ ਸੀ ਉਸਨੇ ਘਰ ਤੋਂ ਬਾਹਰ ਵਸਤੇ ਭਾਰਤੀ ਭਾਈਚਾਰੇ ਨੂੰ ਵੀ ਭਾਰਤੀ ਤੰਦਾਂ ਨਾਲ ਜੋੜਨ ਦਾ ਕੰਮ ਕੀਤਾ। ਇਸ ਦੁੱਖ ਦੀ ਘੜੀ ਮੈਂ ਸਵਰਾਜ ਪਰਿਵਾਰ ਦੇ ਨਾਲ ਗਹਿਰਾ ਦੁੱਖ ਪ੍ਰਗਟ ਕਰਦਾ ਹਾਂ।"



# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਡਾ. ਮਨਜੀਤ ਸਿੰਘ ਬੱਲ ਨਾਲ ਰੂ-ਬ-ਰੂ ਪ੍ਰੋਗਰਾਮ ਦਾ ਆਯੋਜਨ



ਬਰੈਂਪਟਨ, (ਡਾ. ਝੰਡ): ਲੰਘੇ ਮੰਗਲਵਾਰ 6 ਅਗਸਤ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮੈਂਬਰਾਂ ਵੱਲੋਂ ਪੰਜਾਬ ਤੋਂ ਆਏ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਡਾ. ਮਨਜੀਤ ਸਿੰਘ ਬੱਲ ਨਾਲ 'ਸ਼ੇਰਗਿੱਲ ਲਾਅ ਫ਼ਰਮ' ਦੇ ਮੀਟਿੰਗ-ਹਾਲ ਵਿਚ ਬੜੇ ਹੀ ਰੌਚਕ ਰੂ-ਬ-ਰੂ ਦਾ ਆਯੋਜਨ ਕੀਤਾ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਮੰਚ-ਸੰਚਾਲਕ ਮਲੂਕ ਸਿੰਘ ਨੇ ਡਾ. ਮਨਜੀਤ ਸਿੰਘ ਬੱਲ, ਉਨ੍ਹਾਂ ਦੀ ਸੁਪਤਨੀ ਇੰਦਰਜੀਤ ਕੌਰ ਅਤੇ ਇਸ ਮੌਕੇ ਆਏ ਸਮੂਹ-ਮਹਿਮਾਨਾਂ ਨੂੰ ਨਿੱਘੀ 'ਜੀ-ਆਇਆਂ' ਕਹੀ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਦਾ ਬੜੇ ਭਾਵਪੂਰਤ ਸ਼ਬਦਾਂ ਨਾਲ ਸੁਆਗਤ ਕੀਤਾ ਗਿਆ। ਸਭਾ ਦੇ ਸਰਗ਼ਰਮ ਮੈਂਬਰ ਪੱਛਮੀ ਪਾਕਿਸਤਾਨ ਦੇ ਸ਼ਾਇਰ ਜਨਾਬ ਮਕਸੂਦ ਚੌਧਰੀ ਨੇ ਆਪਣੇ ਦਿਲਚਸਪ ਕਾਵਿ-ਟੋਟਕਿਆਂ ਨਾਲ ਆਏ ਮਹਿਮਾਨਾਂ ਦਾ ਨਿੱਘਾ ਸੁਆਗ਼ਤ ਕੀਤਾ ਓਕਵਿਲ ਸ਼ਹਿਰ ਤੋਂ ਉਚੇਚੇ ਤੌਰ 'ਤੇ ਆਏ ਡਾ. ਪਰਗਟ ਸਿੰਘ ਬੱਗਾ ਨੇ ਆਪਣੇ ਵਿਲੱਖਣ ਅੰਦਾਜ਼ ਵਿਚ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦਾ ਮਹੀਨੇਵਾਰ ਅਤੇ ਅਜਿਹੇ ਖ਼ਾਸ ਸਮਾਗ਼ਮ ਕਰਾਉਣ ਲਈ ਧੰਨਵਾਦ ਕੀਤਾ।

ਉਪਰੰਤ, ਮੰਚ-ਸੰਚਾਲਕ ਨੇ ਡਾ. ਸੁਖਦੇਵ ਸਿੰਘ ਝੰਡ ਨੂੰ ਅਗਲੇਰੀ ਕਾਰਵਾਈ ਲਈ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਡਾ. ਮਨਜੀਤ ਸਿੰਘ ਬੱਲ ਬਾਰੇ ਹਾਜ਼ਰੀਨ ਨੂੰ ਮੁੱਢਲੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡਾ. ਬੱਲ ਜਿੱਥੇ ਆਪਣੇ ਡਾਕਟਰੀ ਪੇਸ਼ੇ ਦੇ ਇਕ ਮਸ਼ਹੂਰ ਪਥਾਲੌਜਿਸਟ ਹਨ, ਉੱਥੇ ਉਹ ਇਕ ਵਧੀਆ ਕਹਾਣੀਕਾਰ ਅਤੇ ਵਾਰਤਕ-ਲੇਖਕ ਵੀ ਹਨ। ਇਸ ਦੇ ਨਾਲ਼ ਹੀ ਉਹ ਸੰਗੀਤ ਨੂੰ ਵੀ ਪੂਰੀ ਤਰ੍ਹਾਂ ਪ੍ਰਨਾਏ ਹੋਏ ਹਨ ਅਤੇ ਉਨ੍ਹਾਂ ਨੇ ਦੋ ਫ਼ਿਲਮਾਂ 'ਮੁਸ਼ੱਰਤ ਸਰਹੱਦੋਂ ਪਾਰ' ਅਤੇ 'ਝਾਂਜਰ ਵਿਦ ਓਟੀਓਸਰਾਕੋਮਾ' ਵੀ ਬਣਾਈਆਂ ਹਨ ਜਿਨ੍ਹਾਂ ਵਿਚ ਗੀਤ ਉਨ੍ਹਾਂ ਦੇ ਆਪਣੇ ਹੀ ਲਿਖੇ ਹੋਏ ਹਨ।

ਡਾ. ਬੱਲ ਨੇ ਆਪਣੇ ਬਾਰੇ ਗੱਲ ਕਰਦਿਆਂ ਹੋਇਆਂ ਦੱਸਿਆ ਉਹ ਅੰਮ੍ਰਿਤਸਰ ਜ਼ਿਲੇ ਦੇ ਪਿੰਡ 'ਬੱਲ ਕਲਾਂ' ਦੇ ਜੰਮ-ਪਲ ਹਨ ਅਤੇ ਉਨ੍ਹਾਂ ਸਰਕਾਰੀ ਮੈਡੀਕਲ ਕਾਲਜ ਤੋਂ ਐੱਮ.ਬੀ.ਬੀ.ਐੱਸ. ਅਤੇ ਐੱਮ.ਡੀ. ਕਰਨ ਤੋਂ ਬਾਅਦ ਕੁਝ ਕੁ ਪੇਂਡੂ-ਇਲਾਕਿਆਂ ਵਿਚ ਡਾਕਟਰੀ-ਸੇਵਾ ਨਿਭਾਉਣ ਤੋਂ ਬਾਦ ਇਸ ਮੈਡੀਕਲ ਕਾਲਜ ਅਤੇ ਇਸ ਦੇ ਨਾਲ ਜੁੜੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਕਈ ਸਾਲ ਨੌਕਰੀ ਕੀਤੀ। ਕੁਝ ਸਾਲਾਂ ਬਾਅਦ ਪ੍ਰਮੋਸ਼ਨ ਮਿਲਣ 'ਤੇ ਉਹ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿਖੇ ਪ੍ਰੋਫ਼ੈਸਰ ਤੇ ਮੁਖੀ ਵਜੋਂ ਤਾਇਨਾਤ ਹੋ ਗਏ। ਉੱਥੇ ਹੀ ਉਨ੍ਹਾਂ ਨੇ ਡਾਕਟਰੀ ਪੇਸ਼ੇ ਅਤੇ ਪੰਜਾਬੀ ਸਾਹਿਤ ਨਾਲ ਸਬੰਧਿਤ 13 ਪੁਸਤਕਾਂ ਲਿਖੀਆਂ ਅਤੇ ਛਪਵਾਈਆਂ ਜਿਨ੍ਹਾਂ ਵਿਚ 'ਸਿਹਤ ਸੇਵਾਵਾਂ ਅਤੇ ਚੇਤਨਤਾ' (ਪੰਜਾਬੀ ਯੂਨੀਵਰਸਿਟੀ ਪਟਿਆਲਾ), 'ਰੋਗਾਂ ਦੀ




ਉਤਪਤੀ ਕਿਵੇਂ ਤੇ ਕਿਉਂ', 'ਸਿਹਤ ਦੀ ਸੰਭਾਲ ਕਿਵੇਂ ਕਰੀਏ', 'ਡੱਬੀਆਂ ਵਾਲਾ ਖੇਸ' (ਕਹਾਣੀਆਂ), 'ਆਪ ਕਾ ਸਵਾਸਥ' (ਹਿੰਦੀ),'ਸ਼ੇਖ ਬ੍ਰਹਮ' (ਹਿੰਦੀ), 'ਕਾਰਵਾਂ ਚੱਲਦਾ ਰਹੇ', 'ਮਾਈ ਕਸ਼ਮੀਰ ਵਿਜ਼ਿਟ' (ਅੰਗਰੇਜ਼ੀ) ਤੇ 'ਸਿਲਵਰ ਜੁਬਿਲੀ ਆਫ਼ ਪੈੱਨ-ਫ਼ਰੈਂਡਸ਼ਿਪ' (ਅੰਗਰੇਜ਼ੀ) ਆਦਿ ਪ੍ਰਮੁੱਖ ਹਨ। ਸਰਕਾਰੀ ਮੈਡੀਕਲ ਕਾਲਜ ਪਟਿਆਲਾ ਤੋਂ ਸੇਵਾ-ਮੁਕਤੀ ਤੋਂ ਬਾਅਦ ਉਹ ਅੱਜਕੱਲ੍ਹ ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਸੋਲਨ ਦੇ ਨੇੜੇ ਇਕ ਪ੍ਰਾਈਵੇਟ ਕਾਲਜ ਵਿਚ ਪ੍ਰੋ. ਤੇ ਮੁਖੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ।

ਸਮਾਗ਼ਮ ਵਿਚ ਉਨ੍ਹਾਂ ਦੀ ਨਵੀਂ ਪੁਸਤਕ 'ਕੁਦਰਤ ਦੀ ਕਾਇਨਾਤ' ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਮੈਂਬਰਾਂ ਅਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਲੋਕ-ਅਰਪਿਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਪਾਕਿਸਤਾਨ ਦੀਆਂ ਆਪਣੀਆਂ ਦੋ ਫੇਰੀਆਂ ਦਾ ਵੀ ਬਾਖ਼ੂਬੀ ਜ਼ਿਕਰ ਕੀਤਾ ਜਿੱਥੇ ਉਹ ਕਾਨਫ਼ਰੰਸਾਂ ਵਿਚ ਡਾਕਟਰੀ ਨਾਲ ਸਬੰਧਿਤ ਪੇਪਰ ਪੜ੍ਹਨ ਗਏ ਅਤੇ ਉੱਥੇ ਉਨ੍ਹਾਂ ਨੇ ਸਾਹਿਤਕ-ਮਹਿਫ਼ਲਾਂ ਤੇ ਨਿੱਘੀਆਂ ਦੋਸਤੀਆਂ ਦਾ ਵੀ ਆਨੰਦ ਲਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪਹਿਲੀ ਫਿਲਮ 'ਮੁਸ਼ੱਰਤ ਸਰਹੱਦੋਂ ਪਾਰ' ਬਨਾਉਣ ਲਈ ਮੁੱਢਲਾ ਵਿਚਾਰ ਅਤੇ ਮਸਾਲਾ ਵੀ ਉਨ੍ਹਾਂ ਨੂੰ ਉੱਥੋਂ ਹੀ ਮਿਲਿਆ। ਉਨ੍ਹਾਂ ਬੰਸਰੀ 'ਤੇ ਪੁਰਾਣੀ ਫ਼ਿਲਮ 'ਖ਼ਾਨਦਾਨ' ਦੇ ਮਸ਼ਹੂਰ ਗੀਤ 'ਤੁਮ੍ਹੀਂ ਮੇਰੇ ਮੰਦਰ, ਤੁਮ੍ਹੀਂ ਮੇਰੀ ਪੂਜਾ, ਤੁਮ੍ਹੀਂ ਦੇਵਤਾ ਹੋ, ਤੁਮ੍ਹੀਂ ਦੇਵਤਾ ਹੋ' ਦੀ ਬਹੁਤ ਹੀ ਸੁਰੀਲੀ ਧੁੰਨ ਪੇਸ਼ ਕੀਤੀ ਜਿਸ ਨੂੰ ਹਾਜ਼ਰੀਨ ਨੇ ਖ਼ੂਬ ਪਸੰਦ ਕੀਤਾ। ਇਸ ਦੌਰਾਨ ਡਾ. ਸੁਖਦੇਵ ਸਿੰਘ ਝੰਡ ਵੱਲੋਂ ਆਪਣੀ ਸਵੈ-ਜੀਵਨੀ ਦੀ ਪੁਸਤਕ 'ਪੱਤੇ ਤੇ ਪਰਛਾਵੇਂ : ਚੌਹਾਨ ਤੋਂ ਬਰੈਂਪਟਨ ਡਾ. ਬੱਲ ਨੂੰ ਭੇਂਟ ਕੀਤੀ ਗਈ।

ਚੱਲ ਰਹੇ ਸਮਾਗ਼ਮ ਦੌਰਾਨ ਇਕਬਾਲ ਬਰਾੜ ਅਤੇ ਡਾ. ਜਰਨੈਲ ਸਿੰਘ ਨੇ ਵੀ ਆਪਣੀਆਂ ਸੁਰੀਲੀਆਂ ਆਵਾਜ਼ਾਂ ਵਿਚ ਗੀਤ ਸੁਣਾਏ। ਕਰਨ ਅਜਾਇਬ ਸਿੰਘ ਸੰਘਾ ਨੇ ਕਸ਼ਮੀਰ ਸਮੱਸਿਆ ਬਾਰੇ ਬੜੀ ਹੀ ਭਾਵੁਕ ਕਵਿਤਾ ਪੇਸ਼ ਕੀਤੀ ਅਤੇ ਹਰਜਿੰਦਰ ਸਿੰਘ ਭਸੀਨ ਨੇ ਵੀ ਇਕ ਕਵਿਤਾ ਵੀ ਸੁਣਾਈ। ਅਗਲਾ ਦਿਨ ਕੰਮ ਵਾਲਾ ਹੋਣ ਕਾਰਨ ਕਵੀ-ਦਰਬਾਰ ਨੂੰ ਸੀਮਤ ਹੀ ਰੱਖਿਆ ਗਿਆ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਹੋਇਆਂ ਡਾ. ਮਨਜੀਤ ਸਿੰਘ ਬੱਲ ਦੀਆਂ ਮੈਡੀਸੀਨ ਦੇ ਨਾਲ ਨਾਲ਼ ਮਿਊਜ਼ਿਕ ਅਤੇ ਸਾਹਿਤਕ ਖੇਤਰਾਂ ਨਾਲ ਜੁੜੀਆਂ ਦਿਲਚਸਪੀਆਂ ਦੀ ਖ਼ੂਬ ਸਰਾਹਨਾ ਕੀਤੀ। ਉਨ੍ਹਾਂ ਡਾ. ਬੱਲ ਦੀ ਫ਼ਿਲਮ 'ਝਾਂਜਰ ਵਿਚ ਓਸਟੀਓਸਰਾਕੋਮਾ' ਦੀ ਖ਼ਾਸ ਤੌਰ 'ਤੇ ਪ੍ਰਸ਼ੰਸਾ ਕੀਤੀ ਜਿਹੜੀ ਕਿ ਦੋ ਕੁ ਸਾਲ ਪਹਿਲਾਂ ਇੱਥੇ ਬਰੈਂਪਟਨ ਵਿਚ ਬਹੁਤ ਸਾਰੇ ਦਰਸ਼ਕਾਂ ਦੇ ਇਕੱਠ ਵਿਚ ਵਿਖਾਈ ਗਈ ਸੀ। ਇਸ ਮੌਕੇ ਹਾਜ਼ਰੀਨ ਵਿਚ ਪਰਮਜੀਤ ਸਿੰਘ ਢਿੱਲੋਂ, ਡਾ. ਜਗਮੋਹਨ ਸਿੰਘ ਸੰਘਾ, ਹਰਜਸਪ੍ਰੀਤ ਗਿੱਲ, ਗਿਆਨ ਸਿੰਘ ਦਰਦੀ, ਡਾ.ਹਰਦੀਪ ਸਿੰਘ ਅਟਵਾਲ, ਡਾ. ਤੇਜਵੰਤ ਥਿੰਦ, ਪਲਵਿੰਦਰ ਸਿੰਘ ਅਹੀਰ, ਦਰਸ਼ਨ ਸਿੰਘ ਦਰਸ਼ਨ, ਜਸਵਿੰਦਰ ਸਿੰਘ ਅਤੇ ਡਾ. ਬੱਲ ਦੇ ਕਈ ਦੋਸਤ ਸ਼ਾਮਲ ਸਨ।

# ਕਨਜ਼ਰਵੇਟਿਵਾਂ ਨੂੰ ਕੈਨੇਡੀਅਨਾਂ ਦੀ ਸਿਹਤ ਨਾਲ ਸਿਆਸਤ ਨਹੀਂ ਖੇਡਣੀ ਚਾਹੀਦੀ : ਸੋਨੀਆ ਸਿੱਧੂ

ਬਰੈਂਪਟਨ, -ਪਿਛਲੇ ਦੋ ਸਾਲਾਂ ਦੀ ਲੰਮੀ ਚੁੱਪ ਤੋਂ ਬਾਅਦ ਕਨਜ਼ਰਵੇਟਿਵ ਲੀਡਰ ਐਂਡਰਿਊ ਸ਼ੀਅਰ ਨੇ ਅਖ਼ੀਰ ਸਿਹਤ ਸੰਭਾਲ (ਹੈੱਲਥ ਕੇਅਰ) ਬਾਰੇ ਆਪਣੀ ਪਲੈਨ ਦੇ ਸਬੰਧ ਵਿਚ ਬੋਲਣ ਦਾ ਫ਼ੈਸਲਾ ਕੀਤਾ ਹੈ। ਪ੍ਰੰਤੂ, ਬਦਕਿਸਮਤੀ ਨਾਲ ਸ਼ੀਅਰ ਦੀ ਇਹ ਪਲੈਨ ਓਨਟਾਰੀਓ ਦੇ ਪ੍ਰੀਮੀਅਰ ਫ਼ੋਰਡ ਦੇ ਕਦਮ-ਚਿੰਨ੍ਹਾਂ 'ਤੇ ਹੀ ਚੱਲ ਰਹੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ ਸ਼ੀਅਰ ਨੇ ਸਾਰੇ ਪ੍ਰੀਮੀਅਰਾਂ ਨੂੰ ਇਕ ਚਿੱਠੀ ਲਿਖੀ ਹੈ ਜਿਸ ਵਿਚ ਉਸ ਨੇ ਉਨ੍ਹਾਂ ਨੂੰ ਹੋਮ ਕੇਅਰ ਅਤੇ ਮੈਂਟਲ ਹੈੱਲਥ ਲਈ ਫ਼ੰਡਿੰਗ ਨੂੰ ਕੱਟ ਲਗਾਉਣ ਲਈ ਕਿਹਾ ਹੈ। ਇਸ ਦੇ ਜੁਆਬ ਵਿਚ ਇਕ ਚਿੱਠੀ ਰਾਹੀਂ ਕੈਨੇਡਾ ਦੇ ਵਿੱਤ ਮੰਤਰੀ ਮਾਣਯੋਗ ਬਿਲ ਮੌਰਨਿਊ ਨੇ ਦੱਸਿਆ ਕਿ ਇਹ ਚਿੱਠੀ ਦੋ ਪੱਖਾਂ ਤੋਂ ਚਿੰਤਾਜਨਕ ਅਤੇ ਭੁਲੇਖਾਪਾਊ ਹੈ। ਇੰਜ, ਕਨਜ਼ਰਵੇਟਿਵ ਕੈਨੇਡਾ-ਵਾਸੀਆਂ ਨੂੰ ਭੰਬਲਭੂਸੇ ਵਿਚ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਕਿਉਂਕਿ ਇਸ ਤਰ੍ਹਾਂ ਉਨ੍ਹਾਂ ਵੱਲੋਂ ਹੈੱਲਥ-ਕੇਅਰ ਸੇਵਾਵਾਂ ਵਿਚ ਕਈ ਤਰ੍ਹਾਂ ਦੀਆਂ ਕੱਟਾਂ ਲਗਾਈਆਂ ਜਾਣਗੀਆਂ।



ਪਹਿਲੀ ਗੱਲ ਤਾਂ ਇਸ ਚਿੱਠੀ ਵਿਚ ਕੈਨੇਡਾ ਦੀ ਕਨਜ਼ਰਵੇਟਿਵ ਪਾਰਟੀ ਵੱਲੋਂ ਐਂਡਰਿਊ ਸ਼ੀਅਰ ਦੀ ਅਗਵਾਈ ਵਿਚ ਕੈਨੇਡਾ ਹੈੱਲਥ ਟ੍ਰਾਂਸਫ਼ਰ ਹੇਠ ਵੱਖ-ਵੱਖ ਪ੍ਰੋਵਿੰਸਾਂ ਅਤੇ ਟੈਰੀਟਰੀਆਂ ਨੂੰ ਪੇਮੈਂਟਾਂ ਟ੍ਰਾਂਸਫ਼ਰ ਕਰਨ ਲਈ ਵਰਤਮਾਨ ਫ਼ਾਰਮੂਲੇ ਨੂੰ ਬਿਲਕੁਲ ਨਜ਼ਰਅੰਦਾਜ਼ ਕੀਤਾ ਗਿਆ ਹੈ। ਦੂਸਰੀ ਅਹਿਮ ਗੱਲ ਇਹ ਕਿ ਇਸ ਚਿੱਠੀ ਵਿਚ ਮੌਜੂਦਾ ਫ਼ਾਰਮੂਲੇ ਦੀ ਬਜਾਏ ਕਨਜ਼ਰਵੇਟਿਵਾਂ ਵੱਲੋਂ ਘੱਟੋ-ਘੱਟ 3% ਵਾਧੇ ਦਾ ਹੀ ਵਾਅਦਾ ਕੀਤਾ ਗਿਆ ਹੈ। ਇਸ ਤਰ੍ਹਾਂ ਕਨਜ਼ਰਵੇਟਿਵਾਂ ਵੱਲੋਂ ਭਵਿੱਖ ਵਿਚ ਹੈੱਲਥ ਸਬੰਧੀ ਕਈ ਕੱਟ ਲਗਾਏ ਜਾਣ ਦੀ ਸੰਭਾਵਨਾ ਹੈ, ਜਦਕਿ ਫ਼ੈੱਡਰਲ ਲਿਬਰਲ ਸਰਕਾਰ ਦੁਆਰਾ ਆਉਂਦੇ 10 ਸਾਲਾਂ ਲਈ ਕੈਨੇਡਾ ਹੈੱਲਥ ਟ੍ਰਾਂਸਫ਼ਰ ਅਤੇ ਨਵੇਂ ਹੈੱਲਥ ਐਕੌਰਡ ਵਿਚਕਾਰ ਹੈੱਲਥਕੇਅਰ ਦੀ ਸਾਲ 2020-21 ਪਲੈਨ ਲਈ ਫ਼ੰਡਿੰਗ 4.1% ਤੀਕ ਵੱਧਣ ਦੀ ਆਸ ਹੈ।

ਬਦਕਿਸਮਤੀ ਨਾਲ ਜੇਕਰ ਕਨਜ਼ਰਵੇਟਿਵਾਂ ਦਾ ਇਹ ਵਾਅਦਾ ਸੱਚ ਮੰਨ ਲਿਆ ਜਾਏ ਤਾਂ ਉਨ੍ਹਾਂ ਦੀ ਇਸ ਪਲੈਨ ਮੁਤਾਬਿਕ ਅਗਲੇ ਦੋ ਸਾਲਾਂ ਵਿਚ ਸਿਹਤ ਸਬੰਧੀ ਸੇਵਾਵਾਂ ਲਈ ਲੱਗਭੱਗ 3 ਬਿਲੀਅਨ ਡਾਲਰਾਂ ਦੇ ਕੱਟ ਲਗਾਉਣੇ ਪੈਣਗੇ। ਇਹ ਅਤਿਅੰਤ ਮਾੜੀ ਗੱਲ ਹੈ ਕਿ ਕਨਜ਼ਰਵੇਟਿਵ ਇਕ ਵਾਰ ਫਿਰ ਦੇਸ਼ ਦੇ ਨਾਗਰਿਕਾਂ ਦੀ ਸਿਹਤ ਨਾਲ ਸਿਆਸਤ ਕਰ ਰਹੇ ਹਨ। ਇਸ ਤੋਂ ਪਹਿਲਾਂ ਓਨਟਾਰੀਓ ਦੇ ਪ੍ਰੀਮੀਅਰ ਡੱਗ ਫ਼ੋਰਡ ਵੱਲੋਂ ਸੂਬੇ ਵਿਚ ਸਿਹਤ ਦੇ ਬੱਜਟ ਉੱਪਰ ਭਾਰੀ ਕੱਟ ਲਗਾਏ ਗਏ ਹਨ।

ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਇਸ ਦੇ ਬਾਰੇ ਟਿੱਪਣੀ ਕਰਦੇ ਹੋਏ ਕਿਹਾ ਕਿ ਸਮੁੱਚੀ ਲਿਬਰਲ ਸਰਕਾਰ ਸਾਰੇ ਕੈਨੇਡਾ-ਵਾਸੀਆਂ ਦੀ ਸਿਹਤ ਲਈ ਵਚਨਬੱਧ ਹੈ ਅਤੇ ਕਨਜ਼ਰਵੇਟਿਵਾਂ ਦੀਆਂ ਅਜਿਹੀਆਂ ਨੁਕਸਾਨਦਾਇਕ ਪਲੈਨਾਂ ਦਾ ਡੱਟ ਕੇ ਮੁਕਾਬਲਾ ਕਰੇਗੀ।

# ਖੁਸ਼ਸੀਰਤ ਸੰਧੂ ਨੇ ਜਿੱਤੇ ਚਾਂਦੀ ਅਤੇ ਕਾਂਸੀ ਦੇ ਤਮਗੇ

ਫਰੀਦਕੋਟ, 7 ਅਗਸਤ (ਗਿਆਨ ਸਿੰਘ): ਨੌਜਵਾਨ ਨਿਸ਼ਾਨੇਬਾਜ ਖੁਸ਼ਸੀਰਤ ਕੌਰ ਸੰਧੂ ਨੇ ਨਵੀਂ ਦਿੱਲੀ ਵਿਖੇ ਨੈਸ਼ਨਲ ਰਾਈਫਲ ਐਸੋਸੀਏਸ਼ਨ ਵੱਲੋਂ ਆਯੋਜਿਤ 13 ਵੀਂ ਸੱਜਣ ਸਿੰਘ ਸੇਠੀ ਮੈਮੋਰੀਅਲ ਮਾਸਟਰਜ਼ ਨਿਸ਼ਾਨੇਬਾਜੀ ਚੈਂਪੀਅਨਸ਼ਿਪ ਵਿੱਚ ਜੂਨੀਅਰ ਵਰਗ ਵਿੱਚ ਕਾਂਸੀ ਦਾ ਤਮਗਾ ਅਤੇ ਯੂਥ ਵਰਗ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਫਰੀਦਕੋਟ ਜਿਲ੍ਹੇ ਦੀ ਨਿਸ਼ਾਨੇਬਾਜ਼ ਨੇ ਪੰਜਾਬ ਦੀ ਪ੍ਰਤੀਨਿਧਤਾ ਕਰਦੇ ਹੋਏ ਕੁਆਲੀਫਾਈਡ ਰਾਊਡ ਵਿੱਚ 563 ਅੰਕ ਹਾਸਲ ਕੀਤੇ। ਯੂਥ ਅਤੇ ਜੂਨੀਅਰ ਵਰਗ ਦੇ ਫਾਈਨਲ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਉਸ ਨੇ ਇਕ ਚਾਂਦੀ ਅਤੇ ਇਕ ਕਾਂਸੀ ਦਾ ਤਮਗਾ ਹਾਸਲ ਕੀਤਾ ।




ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਸ ਨਿਸ਼ਾਨੇਬਾਜ ਨੇ ਨੈਸ਼ਨਲ ਸਕੂਲ ਖੇਡਾਂ 2018 ਵਿੱਚ ਚਾਂਦੀ ਦਾ ਤਮਗਾ ਕੁਮਾਰ ਸੁਰਿੰਦਰ ਸਿੰਘ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗਾ ਅਤੇ ਹੋਰ ਸਟੇਟ ਪੱਧਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਅਨੇਕਾਂ ਜਿੱਤਾ ਹਾਸਲ ਕੀਤੀਆਂ ।


# ਐਕਟਿਵਾ ਸਵਾਰਾਂ ਨੂੰ ਕਾਰ ਦੀ ਟੱਕਰ ਵਿੱਚ ਇਕ ਜਣੇ ਦੀ ਮੌਤ

ਨਕੋਦਰ, 7 ਅਗਸਤ (ਪੋਸਟ ਬਿਊਰੋ)- ਕੱਲ੍ਹ ਸ਼ਾਮ ਨਕੋਦਰ-ਜਲੰਧਰ ਰੋਡ ਉੱਤੇ ਪਿੰਡ ਗੋਹੀਰ ਦੇ ਨੇੜੇ ਇਕ ਕਾਰ ਅਤੇ ਐਕਟਿਵਾ ਦੀ ਟੱਕਰ ਵਿੱਚ ਐਕਟਿਵਾ ਸਵਾਰ ਇਕ ਵਿਅਕਤੀ ਦੀ ਮੌਤ ਹੋ ਗਈ। ਮੁਹੱਲਾ ਗੁਰੂ ਨਾਨਕ ਪੁਰਾ ਦੇ ਅਮਨ ਕੁਮਾਰ ਪੁੱਤਰ ਰਾਜੂ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੇ ਚਾਚੇ ਬਲਕਾਰ ਸਿੰਘ, ਚਚੇਰੇ ਭਰਾ ਕਰਨ, ਅਰਜਨ ਅਤੇ ਸੁਰਿੰਦਰ ਕੁਮਾਰ ਨਾਲ ਦੋਪਹੀਆ ਵਾਹਨ ਉੱਤੇ ਮਾਂ ਆਸ਼ਾ ਦੇਵੀ ਚੌਹਾਲ ਡੈਮ (ਹਿਮਾਚਲ ਪ੍ਰਦੇਸ਼) ਦੇ ਦਰਸ਼ਨਾਂ ਲਈ ਗਏ ਸਨ। ਰਾਤ ਅੱਠ ਵਜੇ ਦੇ ਕਰੀਬ ਜਦ ਉਹ ਪਿੰਡ ਗੋਹੀਰ ਬਾਈਪਾਸ ਦੇ ਨੇੜੇ ਪਹੁੰਚੇ ਤਾਂ ਸਾਹਮਣੇ ਤੋਂ ਗਲਤ ਸਾਈਡ ਤੋਂ ਆਈ ਤੇਜ਼ ਰਫਤਾਰ ਕਾਰ ਨੇ ਉਸ ਦੇ ਚਾਚੇ ਬਲਕਾਰ ਸਿੰਘ ਦੀ ਐਕਟਿਵਾ ਨੂੰ ਸਿੱਧੀ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਬਲਕਾਰ ਸਿੰਘ ਪੁੱਤਰ ਪ੍ਰਤਾਪ ਸਿੰਘ ਅਤੇ ਪਿੱਛੇ ਬੈਠਾ ਬਲਕਾਰ ਸਿੰਘ ਦਾ ਬੇਟਾ ਅਰਜਨ ਗੰਭੀਰ ਜ਼ਖਮੀ ਹੋ ਗਏ। ਇਸ ਦੇ ਨਾਲ ਸੁਰਿੰਦਰ ਕੁਮਾਰ ਪੁੱਤਰ ਮਹਿੰਦਰ ਪਾਲ ਵਾਸੀ ਮੁਹੱਲਾ ਗੁਰੂ ਨਾਨਕ ਪੁਰਾ ਤੇ ਕਾਰ ਚਾਲਕ ਕੁਲਵਿੰਦਰ ਸਿੰਘ ਪੁੱਤਰ ਹਰਨਾਮ ਦਾਸ ਪਿੰਡ ਮੁਧਾ ਵੀ ਜ਼ਖਮੀ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਨਕੋਦਰ ਸਿਵਲ ਹਸਪਤਾਲ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਬਲਕਾਰ ਸਿੰਘ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਤੇ ਬਾਕੀਆਂ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ। ਮ੍ਰਿਤਕ ਬਲਕਾਰ ਸਿੰਘ ਕੁਝ ਦਿਨਾਂ ਬਾਅਦ ਵਿਦੇਸ਼ ਜਾਣ ਵਾਲਾ ਸੀ।

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਉ ਨਾਮ


ਕਰਤਾਰ ਫਰਨੀਚਰ
- ਅਸੀਂ ਸੌਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ


Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਰੰਧਾਵਾ ਵੱਲੋਂ 550ਵੇਂ ਪ੍ਰਕਾਸ਼ ਪੁਰਬ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ

ਚੰਡੀਗੜ੍ਹ, 7 ਅਗਸਤ (ਗਿਆਨ ਸਿੰਘ): ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਵੱਖ-ਵੱਖ ਵਿਭਾਗਾਂ ਦੇ ਉਚ ਅਧਿਕਾਰੀਆਂ ਅਤੇ ਸਿੱਖ ਵਿਦਵਾਨਾਂ ਤੇ ਬੁੱਧੀਜੀਵੀਆਂ ਨਾਲ ਇਥੇ ਸੈਕਟਰ-35 ਸਥਿਤ ਮਾਰਕਫੈਡ ਦਫਤਰ ਵਿਖੇ ਮੀਟਿੰਗਾਂ ਕੀਤੀਆਂ। ਮੀਟਿੰਗ ਉਪਰੰਤ ਉਨ੍ਹਾਂ ਫੈਸਲਾ ਕੀਤਾ ਕਿ ਸਮਾਗਮ ਵਾਲੀ ਥਾਂ ਦੀਆਂ ਤਿਆਰੀਆਂ ਦੀ ਸਮੀਖਿਆ ਕਰਨ ਅਤੇ ਗੁਰਦੁਆਰਾ ਸ੍ਰੀ ਕਰਤਾਰ-ਪੁਰ ਸਾਹਿਬ ਦੇ ਦਰਸ਼ਨਾਂ ਲਈ ਖੋਲ੍ਹੇ ਜਾ ਰਹੇ ਲਾਂਘੇ ਦੇ ਕੰਮ ਨੂੰ ਦੇਖਣ ਲਈ ਰੰਧਾਵਾ ਵੱਲੋਂ ਸਬੰਧਤ ਅਧਿਕਾਰੀਆਂ ਦੀ 9 ਅਗਸਤ ਨੂੰ ਡੇਰਾ ਬਾਬਾ ਨਾਨਕ ਵਿਖੇ ਮੀਟਿੰਗ ਸੱਦੀ ਗਈ ਹੈ।




ਰੰਧਾਵਾ ਨੇ ਦੱਸਿਆ ਕਿ 550ਵੇਂ ਪ੍ਰਕਾਸ਼ ਪੁਰਬ ਮੌਕੇ ਡੇਰਾ ਬਾਬਾ ਨਾਨਕ ਵਿਖੇ ਨਵੰਬਰ ਦੇ ਪਹਿਲੇ ਪੰਦਰਵਾੜੇ 'ਡੇਰਾ ਬਾਬਾ ਨਾਨਕ ਉਤਸਵ' ਹੋਵੇਗਾ। ਸਾਹਿਤ ਤੇ ਕਲਾ ਦੇ ਸੁਮੇਲ ਵਾਲੇ ਇਸ ਉਤਸਵ ਰਾਹੀਂ ਇਥੇ ਆਉਣ ਵਾਲੇ ਸ਼ਰਧਾਲੂਆਂ ਨੂੰ ਬਾਬਾ ਨਾਨਕ ਦੇ ਜੀਵਨ ਅਤੇ ਉਨ੍ਹਾਂ ਦੇ ਫਲਸਫੇ ਤੋਂ ਜਾਣੂੰ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਿਆ ਜਾ ਰਿਹਾ ਹੈ ਜੋ ਕਿ ਸਮੁੱਚੀ ਨਾਨਕ ਨਾਮ ਲੇਵਾ ਲਈ ਇਸ ਸ਼ਤਾਬਦੀ ਸਮਾਗਮ ਦਾ ਵੱਡਾ ਤੋਹਫਾ ਜਿਸ ਲਈ ਇਸ ਇਤਿਹਾਸਕ ਪਲ ਨੂੰ ਹੋਰ ਯਾਦਗਾਰੀ ਬਣਾਉਣ ਲਈ ਪੰਜਾਬ ਸਰਕਾਰ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਉਨ੍ਹਾਂ ਅੱਜ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਦੇ ਪੁੱਜਣ ਕਾਰਨ ਡੇਰਾ ਬਾਬਾ ਨਾਨਕ ਦੇ ਬੁਨਿਆਦੀ ਢਾਂਚੇ ਨੂੰ ਹੋਰ ਬਿਹਤਰ ਬਣਾਇਆ ਜਾਵੇ। ਸੜਕਾਂ ਦਾ ਕੰਮ ਅਤੇ ਸਾਫ ਸਫਾਈ ਤੋਂ ਇਲਾਵਾ ਪਾਰਕਿੰਗ ਸਥਾਨ ਬਣਾਏ ਜਾਣ। ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਰਧਾਲੂ ਨੂੰ ਦਰਸ਼ਨ ਕਰਨ ਅਤੇ ਸਮਾਗਮ ਵਿੱਚ ਸ਼ਿਰਕਤ ਕਰਨ ਵਿੱਚ ਕੋਈ ਦਿੱਕਤ ਨਾ ਆਵੇ ਇਸ ਲਈ ਸਾਰੇ ਪ੍ਰਬੰਧ ਸੁਚਾਰੂ ਤਰੀਕੇ ਨਾਲ ਨੇਪਰੇ ਚਾੜ੍ਹੇ ਜਾਣ। ਉਨ੍ਹਾਂ ਚੱਲ ਰਹੇ ਕੰਮ ਵਿੱਚ ਤੇਜ਼ੀ ਲਿਆਉਣ ਦੇ ਆਦੇਸ਼ ਦਿੰਦਿਆਂ ਕਿਹਾ ਕਿ ਇਸ ਸਬੰਧੀ ਉਹ ਖੁਦ 9 ਅਗਸਤ ਨੂੰ ਉਚ ਅਧਿਕਾਰੀਆਂ ਤੇ ਸਥਾਨਕ ਪ੍ਰਸ਼ਾਸਨ ਨਾਲ ਮੀਟਿੰਗ ਕਰ ਕੇ ਤਿਆਰੀਆਂ ਦਾ ਜਾਇਜ਼ਾ ਲੈਣਗੇ।

# ਅੰਤਰ-ਰਾਸ਼ਟਰੀ ਕਬੱਡੀ ਟੂਰਨਾਮੈਂਟ, ਸਾਈਕਲ ਰੈਲੀ ਤੇ ਫੈਡਰੇਸ਼ਨ ਕੱਪ ਵਾਲੀਬਾਲ ਟੂਰਨਾਮੈਂਟ ਕੀਤਾ ਜਾਵੇਗਾ ਆਯੋਜਨ : ਰਾਣਾ ਸੋਢੀ

ਚੰਡੀਗੜ੍ਹ, 7 ਅਗਸਤ (ਗਿਆਨ ਸਿੰਘ): ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਕਰਨ ਲਈ ਮਜਬੂਤ ਖੇਡ ਢਾਂਚਾ ਤਿਆਰ ਕਰਨ ਲਈ ਵਚਨਬੱਧ ਹੈ। ਇਸ ਵਿਚਾਰਧਾਰਾ ਤਹਿਤ ਖੇਡ ਵਿਭਾਗ ਨੇ ਅੰਤਰ-ਰਾਸ਼ਟਰ ਸਟਾਈਲ ਕਬੱਡੀ ਟੂਰਨਾਮੈਂ ਟ ਦੇ ਆਯੋਜਨ ਲਈ ਵਿਆ-ਪਕ ਰੂਪ-ਰੇਖਾ ਉਲੀਕੀ ਹੈ । ਇਸਦੇ ਨਾਲ ਨਾਲ ਹੋਰ ਮੁਕਾਬਲੇ ਜਿਵੇਂ ਸਾਈਕਲ ਰੈਲੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਯਾਦ ਵਿੱਚ ਜਲ੍ਹਿਆਂਵਾਲਾ ਬਾਗ ਸ਼ਤਾਬਦੀ ਫੈਡਰੇਸ਼ਨ ਕੱਪ ਵਾਲੀਬਾਲ ਟੂਰਨਾਮੈਂਟ ਆਯੋਜਿਤ ਕਰਵਾਏ ਜਾਣਗੇ।

ਇਸ ਸਬੰਧੀ ਅੱਜ ਇਥੇ ਆਪਣੇ ਦਫਤਰ ਵਿੱਚ ਹੋਈ ਇੱਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਖੇਡ ਤੇ ਯੁਵਕ ਮਾਮਲੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਦੱਸਿਆ ਕਿ ਸੂਬੇ ਭਰ ਵਿੱਚ ਅੰਤਰ-ਰਾਸ਼ਟਰੀ ਕਬੱਡੀ ਟੂਰਨਾਮੈਂਟ 1-15 ਦਸੰਬਰ,2019 ਨੂੰ ਕਰਵਾਇਆ ਜਾਵੇਗਾ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਮੇਜ਼ਬਾਨ



ਭਾਰਤ ਸਮੇਤ ਇਸ ਟੂਰਨਾਮੈਂਟ ਵਿੱਚ ਕੁੱਲ 9 ਟੀਮਾਂ ਭਾਗ ਲੈਣਗੀਆਂ। ਇਸ ਸਬੰਧੀ ਅਮਰੀਕਾ, ਅਸਟ੍ਰੇਲੀਆ, ਨਿਊਜ਼ੀਲੈਂਡ, ਪਾਕਿਸਤਾਨ, ਇੰਗਲੈਂਡ , ਕੈਨੇਡਾ ਨੂੰ ਸੱਦਾ ਭੇਜਿਆ ਗਿਆ ਹੈ ਜਦਕਿ ਕੀਨੀਆ ਨੂੰ ਸੱਦਾ ਭੇਜਣਾ ਵਿਚਾਰ ਅਧੀਨ ਹੈ। ਉਨ੍ਹਾਂ ਦੱਸਿਆ ਕਿ ਇਹ ਕੌਮਾਂਤਰੀ ਟੂਰਨਾਮੈਂਟ ਸਰਕਲ ਸਟਾਇਲ ਵਿੱਚ ਖੇਡਿਆ ਜਾਵੇਗਾ ਜਦਕਿ ਸੂਬੇ ਭਰ 'ਚ ਜ਼ਿਲ੍ਹਾ ਪੱਧਰ 'ਤੇ ਹੋਣ ਵਾਲੇ ਮੈਚ ਨੈਸ਼ਨਲ ਸਟਾਈਲ ਵਿੱਚ ਖੇਡੇ ਜਾਣਗੇ। ਮੰਤਰੀ ਨੇ ਦੱਸਿਆ ਜੇਤੂ ਟੀਮ ਨੂੰ 25 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ ਜਦਕਿ ਬਾਕੀਆਂ ਦੀਆਂ ਸਾਰੀਆਂ ਟੀਮਾਂ ਨੂੰ ਆਉਣ-ਜਾਣ ਦੀਆਂ ਟਿਕਟਾਂ ਅਤੇ ਰਹਿਣ-ਸਹਿਣ ਤੇ ਖਾਣ-ਪੀਣ ਦੀ ਸਹੂਲਤ ਦਿੱਤੀ ਜਾਵੇਗੀ।

ਸਾਈਕਲ ਰੈਲੀ ਸਬੰਧੀ ਖੇਡ ਮੰਤਰੀ ਨੇ ਦੱਸਿਆ ਕਿ ਇਹ ਰੈਲੀ 2 ਨਵੰਬਰ ਨੂੰ ਸਵੇਰੇ 9 ਵਜੇ ਅੰਮ੍ਰਿਤਸਰ ਤੋਂ ਸ਼ੁਰੂ ਹੋ ਕੇ ਡੇਰਾ ਬਾਬਾ ਨਾਨਕ ਵਿੱਚ ਮੁਕੰਮਲ ਹੋਵੇਗੀ। ਉਨ੍ਹਾਂ ਭਾਗ ਲੈਣ ਵਾਲੇ ਸਾਇਕਲਿਸਟਾਂ ਲਈ ਸੁਚੱਜੀ ਸੁਰੱਖਿਆ ਤੇ ਸਿਹਤ ਸੇਵਾਵਾਂ ਮੁਹੱਈਆ ਕਰਾਉਣ ਦਾ ਭਰੋਸਾ ਵੀ ਦਿੱਤਾ।

ਫੈਡਰੇਸ਼ਨ ਗੋਲਡ ਕੱਪ ਵਾਲੀਬਾਲ ਟੂਰਨਾਮੈਂਟ ਸਬੰਧੀ ਜਾਣਕਾਰੀ ਦਿੰਦਿਆਂ ਰਾਣਾ ਸੋਢੀ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ ਇਹ ਵਾਲੀਬਾਲ ਟੂਰਨਾਮੈਂਟ 27 ਸਤੰਬਰ ਤੋਂ 3 ਅਕਤੂਬਰ ਤੱਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਕਰਵਾਇਆ ਜਾਵੇਗਾ।

ਮੰਤਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ 'ਮਿਸ਼ਨ ਤੰਦਰੁਸਤ ਪੰਜਾਬ' ਨੂੰ ਸਫਲ ਬਣਾਉਣ ਅਤੇ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਆਕਰਸ਼ਿਤ ਕਰਨ ਲਈ ਅਜਿਹੇ ਖੇਡ ਸਮਾਰੋਹਾਂ ਦਾ ਸਿਲਸਿਲਾ ਲੰਬਾ ਚੱਲੇਗਾ । ਖੇਡ ਮੰਤਰੀ ਨੇ ਕਿਹਾ ਖੇਡਾਂ ਦਾ ਮਹੱਤਵ ਗੁਰੂ ਸਾਹਿਬ ਦੇ ਫਲਸਫੇ ਨਾਲ ਮੇਲ ਖਾਂਦਾ ਹੈ ਕਿਉਂ ਜੋ ਉਨ੍ਹਾਂ ਮੁਤਾਬਕ ਰਿਸ਼ਟ-ਪੁਸ਼ਟ ਸ਼ਰੀਰ ਵਿੱਚ ਰਿਸ਼ਟ-ਪੁਸ਼ਟ ਦਿਮਾਗ ਦਾ ਵਾਸਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਖੇਡ ਸਮਾਰੋਹ ਦੀ ਕਾਮਯਾਬੀ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਇਸ ਸਬੰਧੀ ਕਿਸੇ ਕਿਸਮ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਪਾਕਿਸਤਾਨ ਨੇ ਭਾਰਤੀ ਰਾਜਦੂਤ ਕੱਢਿਆ, ਆਪਣਾ ਵਾਪਸ ਸੱਦਣ ਦਾ ਐਲਾਨ

...ਪੰਨਾ 1 ਦਾ ਬਾਕੀ

ਦੀ ਅਗਵਾਈ ਵਿੱਚ ਨੈਸ਼ਨਲ ਸਕਿਓਰਿਟੀ ਕਮੇਟੀ ਦੀ ਉੱਚ ਪੱਧਰੀ ਮੀਟਿੰਗ ਕੀਤੀ ਅਤੇ ਭਾਰਤ ਦਾ ਡਿਪਲੋਮੈਟਿਕ ਦਰਜਾ ਘਟਾਉਣ ਦਾ ਫ਼ੈਸਲਾ ਕਰ ਲਿਆ ਹੈ। ਇਸਦੇ ਪਿੱਛੋਂ ਭਾਰਤੀ ਹਾਈ ਕਮਿਸ਼ਨਰ ਅਜੇ ਬਿਸਾਰੀਆ ਨੂੰ ਪਾਕਿਸਤਾਨ ਨੇ ਵਾਪਸ ਤੋਰ ਦੇਣ ਅਤੇ ਨਵੀਂ ਦਿੱਲੀ ਤੋਂ ਆਪਣੇ ਹਾਈ ਕਮਿਸ਼ਨਰ ਨੂੰ ਵਾਪਸ ਸੱਦ ਲੈਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਪਾਕਿਸਤਾਨ ਨੇ ਭਾਰਤ ਨਾਲ ਦੁਵੱਲਾ ਕਾਰੋਬਾਰ ਪੂਰੀ ਤਰ੍ਹਾਂ ਮੁਲਤਵੀ ਕਰਨ ਅਤੇ ਹਰ ਮੁੱਦੇ ਉੱਤੇ ਦੁਵੱਲੇ ਪ੍ਰਬੰਧਾਂ ਦੀ ਮੁੜ ਸਮੀਖਿਆ ਕਰਨ ਦਾ ਫ਼ੈਸਲਾ ਕੀਤਾ ਹੈ। ਇਸਬੈਠਕ ਦੌਰਾਨ ਪਾਕਿਸਤਾਨਦਾਆਜ਼ਾਦੀ ਦਿਵਸ 14 ਅਗਸਤ ਨੂੰ ਕਸ਼ਮੀਰੀ ਲੋਕਾਂ ਨਾਲ ਸਦਭਾਵਨਾ ਦਿਵਸ ਵਜੋਂਤੇ ਭਾਰਤ ਦੇ ਆਜ਼ਾਦੀ ਦਿਵਸ 15 ਅਗਸਤ ਨੂੰ 'ਬਲੈਕ ਡੇਅ' ਮਨਾਉਣ ਦਾ ਵੀ ਫੈਸਲਾ ਕੀਤਾ ਗਿਆ। ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਆਪਣੀ ਫ਼ੌਜ ਦੇ ਸਾਰੇ ਪ੍ਰਮੁੱਖ ਅੰਗਾਂ ਦੇ ਕਮਾਂਡਰਾਂਸਮੇਤ ਕੀਤੀ ਗਈ ਇਸ ਬੈਠਕ ਵਿੱਚ ਆਪਣੀ ਫ਼ੌਜ ਨੂੰ ਚੌਕਸ ਰਹਿਣ ਦਾ ਨਿਰਦੇਸ਼ ਵੀ ਨਵੇਂ ਸਿਰਿਓਂ ਦੇ ਦਿੱਤਾ ਹੈ।

ਅੱਜ ਦੀ ਮੀਟਿੰਗ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ, 'ਅਸੀਂ ਆਪਣਾ ਹਾਈ ਕਮਿਸ਼ਨਰ ਨਵੀਂ ਦਿੱਲੀ ਵਿੱਚ ਨਹੀਂ ਰੱਖਾਂਗੇ ਤੇ ਭਾਰਤ ਦਾ ਹਾਈ ਕਮਿਸ਼ਨਰ ਸਾਡੇ ਦੇਸ਼ ਵਿੱਚ ਨਹੀਂ ਰਹੇਗਾ।' ਪਾਕਿ-ਸਤਾਨ ਵਿੱਚ ਇਸ ਵੇਲੇ ਭਾਰਤ ਦੇ ਹਾਈ ਕਮਿਸ਼ਨਰ ਅਜੇ ਬਿਸਾਰੀਆ ਹਨ ਅਤੇ ਭਾਰਤ ਲਈ ਨਿਯੁਕਤ ਕੀਤੇ ਪਾਕਿ-ਸਤਾਨ ਦੇ ਹਾਈ ਕਮਿਸ਼ਨਰ ਮੋਈਨ ਉਲ ਹੱਕ ਨੇ ਹਾਲੇ ਆਪਣਾ ਚਾਰਜ ਸੰਭਾਲਣਾ ਸੀ ਕਿ ਉਨ੍ਹਾਂ ਦੀ ਵਾਪਸੀ ਦਾ ਫੈਸਲਾ ਹੋ ਗਿਆ ਹੈ। ਇਸ ਫੈਸਲੇ ਪਿੱਛੋਂ ਦੋਵਾਂ ਦੇਸ਼ਾਂ ਨੂੰ ਇਕ ਦੂਜੇ ਵੱਲ ਆਪਣੇ ਹਾਈ ਕਮਿਸ਼ਨ ਤੋਂ ਆਪਣੇ ਸਟਾਫ ਦੀ ਗਿਣਤੀ ਵੀ ਘਟਾਉਣੀ ਪਵੇਗੀ, ਜਿਸ ਨਾਲ ਵੀਜ਼ੇ ਜਾਰੀ ਕਰਨ ਸਮੇਤ ਹਾਈ ਕਮਿਸ਼ਨ ਦੇ ਬਹੁਤ ਸਾਰੇ ਕੰਮਾਂ ਉੱਤੇ ਅਸਰ ਪਵੇਗਾ। ਇਸ ਵੇਲੇ ਦੋਵੇਂ ਦੇਸ਼ਾਂ ਵਿੱਚ ਕਰਤਾਰਪੁਰ ਸਾਹਿਬ ਲਾਂਘਾ ਸ਼ੁਰੂ ਕਰਨ ਲਈ ਚੱਲਦੀ ਗੱਲਬਾਤ ਉੱਤੇ ਵੀ ਇਸ ਦਾ ਅਸਰ ਪੈ ਸਕਦਾ ਹੈ, ਕਿਉਂਕਿ ਪਾਕਿਸਤਾਨ ਨੇ ਕਿਹਾ ਹੈ ਕਿ ਇਸ ਵੇਲੇ ਚੱਲ ਰਹੇ ਹਰ ਦੁਵੱਲੇ ਪ੍ਰਬੰਧ ਦੀ ਸਮੀਖਿਆ ਕੀਤੀ ਜਾਵੇਗੀ। ਕਰਤਾਰ-ਪੁਰ ਸਾਹਿਬ ਲਾਂਘੇ ਬਾਰੇ ਦੁਵੱਲੀ ਬੈਠਕ ਛੇਤੀ ਹੀ ਹੋਣ ਵਾਲੀ ਸੀ।

ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅਗਵਾਈ ਹੇਠ ਅੱਜ ਨੈਸ਼ਨਲ ਸਕਿਓਰਿਟੀ ਕਮੇਟੀ ਦੀ ਬੈਠਕ ਵਿੱਚ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ, ਰੱਖਿਆ ਮੰਤਰੀ, ਗ੍ਰਹਿ ਮੰਤਰੀ, ਸਿੱਖਿਆ ਮੰਤਰੀ, ਮਨੁੱਖੀ ਅਧਿਕਾਰ ਮੰਤਰੀ, ਕਾਨੂੰਨ ਮੰਤਰੀ, ਵਿੱਤ ਸਲਾਹਕਾਰ, ਸਾਰੀਆਂ ਫ਼ੌਜਾਂ ਦੇ ਕਮਾਂਡਰ, ਖੁਫੀਆ ਏਜੰਸੀ ਆਈ ਐੱਸਆਈ ਦੇ ਮੁਖੀ, ਵਿਦੇਸ਼ ਸਕੱਤਰ ਅਤੇ ਕੁਝ ਹੋਰ ਅਧਿਕਾਰੀ ਸ਼ਾਮਿਲ ਸਨ। ਪਾਕਿਸਤਾਨ ਦੀਸੁਰੱਖਿਆ ਬਾਰੇਇਹ ਸਭ ਤੋਂ ਵੱਡੀ ਕੌਂਸਲ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਇਹ ਫੈਸਲਾ ਬਹੁਤਾ ਕਰ ਕੇ ਆਪਣੇ ਦੇਸ਼ ਵਿੱਚ ਆਪਣੀ ਸਰਕਾਰ ਦੀ ਭਰੋਸੇ ਯੋਗਤਾ ਬਣਾਈ ਰੱਖਣ ਵਾਸਤੇ ਕੀਤਾ ਗਿਆ ਹੈ। ਫਰਵਰੀ ਵਿੱਚ ਹੋਏ ਪੁਲਵਾਮਾ ਹਮਲੇ ਦੇ ਬਾਅਦ ਜਦੋਂ ਭਾਰਤ ਨੇ ਆਪਣੇ ਵਲੋਂ ਪਾਕਿਸਤਾਨ ਤੋਂਕੋਈ ਇੰਪੋਰਟਨਾ ਕਰਨ ਦਾ ਫੈਸਲਾ ਕਰ ਰੱਖਿਆ ਹੈ ਤਾਂ ਕਾਰੋਬਾਰ ਬੰਦ ਕਰਨ ਦਾ ਫੈਸਲਾ ਆਪਣੇ ਆਪ ਵਿੱਚ ਹਾਸੋਹੀਣਾ ਬਣ ਕੇ ਰਹਿ ਜਾਂਦਾ ਹੈ, ਜਿਸ ਨਾਲ ਕੋਈ ਨਵਾਂ ਅਸਰ ਨਹੀਂ ਪਵੇਗਾ।

ਇਸ ਦੌਰਾਨ ਪਾਕਿਸਤਾਨ ਨੇ 5 ਸਤੰਬਰ ਤੱਕ ਆਪਣੇ ਹਵਾਈ ਖੇਤਰ ਦੀ ਵਰਤੋਂਦੀ ਪਾਬੰਦੀ ਲਾ ਦਿੱਤੀ ਹੈ। ਇਹ ਪਾਬੰਦੀ ਸਿਰਫ ਭਾਰਤੀ ਜਹਾਜ਼ਾਂ ਲਈ ਨਹੀਂ, ਸਾਰੀਆਂ ਏਅਰਲਾਈਨਾਂ ਲਈ ਹੈ। ਇਸ ਸਾਲ ਦੌਰਾਨ ਪਾਕਿਸਤਾਨ ਨੇ ਦੂਜੀ ਵਾਰ ਆਪਣਾ ਹਵਾਈ ਖੇਤਰ ਬੰਦ ਕੀਤਾ ਹੈ। ਇਸ ਤੋਂਪਹਿਲਾਂ ਪਾਕਿਸਤਾਨ ਦੇ ਬਾਲਾਕੋਟ ਵਿੱਚ ਅੱਤਵਾਦੀ ਅੱਡਿਆਂ ਉੱਤੇਭਾਰਤੀ ਹਵਾਈ ਫੌਜ ਦੇ ਹਮਲੇਤੋਂ ਬਾਅਦ ਵੀ ਏਅਰਸਪੇਸ ਬੰਦ ਕਰ ਦਿੱਤਾ ਗਿਆ ਸੀ।

# ਬਰਗਾੜੀ ਮਾਮਲਾ : ਸੀ ਬੀ ਆਈ ਨੇ ਅਕਾਲੀਆਂ ਦੇ ਕਹਿਣ ਉੱਤੇ ਜਾਂਚ ਸਹੀ ਢੰਗ ਨਾਲ ਨਹੀਂ ਕੀਤੀ : ਕੈਪਟਨ

ਚੰਡੀਗੜ੍ਹ, 7 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਡਵੋਕੇਟ ਜਨਰਲ ਨੂੰ ਸੀ ਬੀ ਆਈ ਅਦਾਲਤ ਵਿਚ ਬਰਗਾੜੀ ਕੇਸ ਵਿੱਚ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਦਾ ਵਿਰੋਧ ਕਰਨ ਲਈ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਜਨਵਰੀ 2011 ਵਿਚ ਕੀਤੀਆਂ ਟਿਪਣੀਆਂ ਦੀ ਰੌਸ਼ਨੀ ਵਿਚ ਕਲੋਜ਼ਰ ਪੇਸ਼ ਕਰਨਾ ਕੇਂਦਰੀ ਜਾਂਚ ਏਜੰਸੀ ਦੇ ਅਧਿਕਾਰ ਖੇਤਰ ਵਿੱਚ ਹੀ ਨਹੀਂ ਸੀ।

ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਮੁਤਾਬਕ ਕੈਪਟਨ ਅਮਰਿੰਦਰ ਸਿੰਘ ਨੇ ਐਡਵੋਕੇਟ ਜਨਰਲ ਵਲੋਂ ਕਲੋਜ਼ਰ ਰਿਪੋਰਟ ਤੋਂ ਪਹਿਲਾਂ ਦੇ ਤੱਥਾਂ ਅਤੇ ਹਾਲਤਾਂ ਦੀ ਪੂਰੀ ਪੜਚੋਲ ਕਰਨ ਤੋਂ ਬਾਅਦ ਉਨਾਂ ਨਾਲ ਨਿਆਂਇਕ ਅਤੇ ਕਾਨੂੰਨੀ ਸਥਿਤੀ ਦੀ ਵਿਚਾਰ ਕਰ ਕੇ ਇਹਹੁਕਮ ਦਿਤੇ ਹਨ। ਇਸ ਤੋਂ ਪਹਿਲਾਂ ਵਿਧਾਨ ਸਭਾ ਦੇ ਵਿਚ ਮੁੱਖ ਮੰਤਰੀ ਨੇ ਬਰਗਾੜੀ ਬੇਅਦਬੀ ਕੇਸ ਦੀ ਜਾਂਚ ਵਿੱਚ ਵਿਘਨ ਪਾਉਣ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਵਿੱਚ ਨਾਕਾਮੀ ਲਈ ਅਕਾਲੀ ਆਗੂਆਂ ਨੂੰ ਸਿੱਧੇ ਤੌਰ ਉੱਤੇਜ਼ਿੰਮੇਵਾਰ ਕਿਹਾ।ਪ੍ਰਸ਼ਨ ਕਾਲ ਦੌਰਾਨ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਵਲੋਂਵਿਧਾਨ ਸਭਾ ਵਿਚ ਉਠਾਏ ਮੁੱਦੇ ਦੇ ਜਵਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀ ਆਗੂਆਂ ਵਲੋਂ ਨਿਆਂ ਦੇ ਰਾਹ ਵਿੱਚ ਅੜਿੱਕੇ ਡਾਹੁਣ ਦੇ ਬਾਵਜੂਦ ਸਾਡੀ ਸਰਕਾਰ ਇਸ ਕੇਸ ਨੂੰ ਕਾਨੂੰਨੀ ਸਿੱਟੇ ਤੱਕ ਲੈ ਕੇਜਾਵੇਗੀ ਅਤੇ ਪੀੜਤਾਂ ਲਈ ਨਿਆਂ ਯਕੀਨੀ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਆਗੂਆਂ ਨੇ ਪਹਿਲਾਂ ਜਾਂਚ ਲਮਕਾਉਣ ਲਈ ਕੇਸ ਸੀ ਬੀ ਆਈ ਦੇ ਹਵਾਲੇ ਕਰ ਦਿੱਤੇ ਤੇ ਫਿਰ ਕੇਂਦਰੀ ਏਜੰਸੀ ਉੱਤੇ ਕਾਹਲੀ ਵਿਚ ਕਲੋਜ਼ਰ ਰਿਪੋਰਟ ਪੇਸ਼ ਕਰਨ ਦਾ ਦਬਾਅ ਬਣਾਇਆ ਗਿਆ ਸੀ, ਜਿਸ ਕਰ ਕੇ ਇਹ ਸਥਿਤੀ ਪੈਦਾ ਹੋਈ ਹੈ।

# ਆਪਣੇ ਆਗੂ ਅਧੀਰ ਰੰਜਨ ਦੇ ਬਿਆਨ ਉੱਤੇ ਕਾਂਗਰਸ ਲੋਕ ਸਭਾ ਵਿੱਚ ਕਸੂਤੀ ਫਸੀ

ਨਵੀਂ ਦਿੱਲੀ, 7 ਅਗਸਤ, (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਲਗਪਗ 70 ਸਾਲ ਬਾਅਦ ਜਦੋਂ ਰੱਦ ਕਰਵਾਇਆ ਤਾਂ ਇਸ ਦੀ ਬਹਿਸ ਦੌਰਾਨ ਅੱਜ ਕਾਂਗਰਸ ਪਾਰਟੀ ਆਪਣੇ ਲੋਕ ਸਭਾ ਵਿਚਲੇ ਆਗੂ ਅਧੀਰ ਰੰਜਨ ਦੇ ਬਿਆਨ ਨਾਲ ਕਸੂਤੀ ਫਸ ਗਈ।

ਲੋਕ ਸਭਾ ਵਿੱਚ ਜਦੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਬਾਰੇ ਤਜਵੀਜ਼ ਪੇਸ਼ ਕੀਤੀ ਤਾਂਉਨ੍ਹਾਂ ਕਿਹਾ ਕਿ ਭਾਰਤ ਦੇ ਰਾਸ਼ਟਰਪਤੀ ਦਾ ਐਲਾਨ ਹੈ ਕਿ ਉਨ੍ਹਾਂ ਦੇ ਆਦੇਸ਼ ਤੋਂ ਬਾਅਦ ਧਾਰਾ 370 ਦੀਆਂ ਸਾਰੀਆਂ ਵਿਵਸਥਾਵਾਂ ਜੰਮੂ-ਕਸ਼ਮੀਰ ਉੱਤੇ ਲਾਗੂ ਨਹੀਂ ਹੋਣਗੀਆਂ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦਾ ਮੁੱਦਾ ਸਿਆਸੀ ਨਹੀਂ, ਇਹ ਕਾਨੂੰਨੀ ਵਿਸ਼ਾ ਹੈ। ਭਾਰਤ ਦੇ ਸੰਵਿਧਾਨ ਵਿੱਚ ਬਹੁਤ ਸਾਫ਼ ਹੈ ਕਿ ਜੰਮੂ-ਕਸ਼ਮੀਰ ਭਾਰਤ ਦਾ ਅਟੁੱਟ ਹਿੱਸਾ ਹੈ ਅਤੇ ਜੰਮੂ-ਕਸ਼ਮੀਰ ਵਿੱਚ ਸੰਵਿਧਾਨ ਦੀ ਧਾਰਾ-1 ਦੀਆਂ ਸਾਰੀਆਂ ਧਾਰਾਵਾਂ ਲਾਗੂ ਹੁੰਦੀਆਂ ਹਨ। ਭਾਰਤ ਸਾਰੇ ਸੂਬਿਆਂ ਦੀ ਯੂਨੀਅਨ ਹੈ।

ਕਾਂਗਰਸ ਪਾਰਟੀ ਦੇ ਲੋਕ ਸਭਾ ਵਿਚਲੇ ਆਗੂ ਅਧੀਰ ਰੰਜਨ ਚੌਧਰੀ ਨੇ ਇਸ ਬਾਰੇ ਬੋਲਦਿਆਂ ਕਿਹਾ ਕਿ ਸਾਲ 1994 ਵਿੱਚ ਸਾਡੀ ਪਾਰਲੀਮੈਂਟ ਨੇ ਇਕ ਸੰਕਲਪ ਲਿਆ ਸੀ ਕਿ ਪਾਕਿਸਤਾਨੀ ਕਬਜ਼ੇ ਵਾਲਾ ਕਸ਼ਮੀਰ ਵਾਪਸ ਲਵਾਂਗੇ, ਅੱਜ ਜਦਕਿ ਜੰਮੂ-ਕਸ਼ਮੀਰ ਦੀ ਵੰਡ ਹੋ ਗਈ ਹੈ, ਉਸ ਪਾਰਲੇ ਕਸ਼ਮੀਰੀ ਇਲਾਕੇ ਦੀ ਸਥਿਤੀ ਕੀ ਹੋਵੇਗੀ? ਸਰਕਾਰ ਨੂੰ ਇਸ ਬਾਰੇ ਵੀ ਪੱਖ ਸਪੱਸ਼ਟ ਕਰਨਾ ਚਾਹੀਦਾ ਹੈ। ਭਾਜਪਾ ਦੇ ਪਾਰਲੀਮੈਂਟ ਮੈਂਬਰ ਪ੍ਰਹਿਲਾਦ ਜੋਸ਼ੀ ਨੇ ਕਿਹਾ ਕਿ ਜਦੋਂ ਪੂਰਾ ਦੇਸ਼ ਸਰਕਾਰ ਦੇ ਫ਼ੈਸਲੇ ਦਾ ਜ਼ਸ਼ਨ ਮਨਾਰਿਹਾ ਹੈ ਤਾਂ ਕਾਂਗਰਸ ਪਾਕਿਸਤਾਨ ਦੀ ਭਾਸ਼ਾ ਬੋਲ ਰਹੀ ਹੈ। ਪਾਕਿਸਤਾਨ ਨੇ ਕਿਹਾ ਕਿ ਇਹ ਕਾਲਾ ਦਿਨ ਹੈ। ਕਾਂਗਰਸ ਦੇ ਆਗੂ ਵੀ ਇਸ ਨੂੰ ਕਾਲਾ ਦਿਨ ਆਖਦੇ ਹਨ। ਕਾਂਗਰਸ ਆਗੂ ਪਾਕਿਸਤਾਨ ਦੀ ਹਾਂ ਵਿੱਚ ਹਾਂ ਮਿਲਾ ਰਹੇ ਹਨ।

ਇਸ ਦੌਰਾਨ ਰਾਹੁਲ ਗਾਂਧੀ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਜੰਮੂ-ਕਸ਼ਮੀਰ ਵਿੱਚ ਕਾਰਜਕਾਰੀ ਸ਼ਕਤੀਆਂ ਦੀ ਗ਼ਲਤ ਵਰਤੋਂ ਕੀਤੀ ਗਈ ਅਤੇ ਸੰਵਿਧਾਨ ਦੀ ਉਲੰਘਣਾ ਕੀਤੀ ਗਈ ਹੈ। ਚੁਣੇ ਹੋਏ ਪ੍ਰਤੀਨਿਧਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਹੈ। ਸਰਕਾਰ ਦੇ ਇਸ ਫ਼ੈਸਲੇ ਨਾਲ ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਦੇਸ਼ ਲੋਕਾਂ ਨਾਲ ਬਣਦਾ ਹੈ, ਜ਼ਮੀਨ ਦੇ ਟੁਕੜਿਆਂ ਨਾਲ ਨਹੀਂ ਬਣਦਾ। ਉਨ੍ਹਾ ਕਿਹਾ ਕਿ ਪਿਛਲੇ 70 ਸਾਲਾਂ ਵਿੱਚ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਕਈ ਵਾਰ ਰਾਜਾਂ ਵਿੱਚ ਬਦਲਦੇ ਦੇਖਿਆ ਹੈ, ਪਰ ਇਤਿਹਾਸ ਵਿੱਚ ਸ਼ਾਇਦ ਪਹਿਲੀ ਵਾਰ ਕਿਸੇ ਰਾਜ ਨੂੰ ਕੇਂਦਰੀ ਸ਼ਾਸਿਤ ਪ੍ਰਦੇਸ਼ ਦਾ ਰੂਪ ਦਿੱਤਾ ਗਿਆ ਹੈ। ਫੈਡਰਲ ਢਾਂਚੇ ਲਈ ਇਸ ਤੋਂ ਵੱਡਾ ਖ਼ਤਰਾ ਕੋਈ ਨਹੀਂ ਹੋ ਸਕਦਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਬਾਬਾ ਬੰਦਾ ਸਿੰਘ ਬਹਾਦਰ ਫਾਊਂਡੇਸ਼ਨ ਦਾ ਵਫਦ ਰੰਧਾਵਾ ਅਤੇ ਸੁੱਖ ਸਰਕਾਰੀਆ ਨੂੰ ਮਿਲਿਆ

ਚੰਡੀਗੜ੍ਹ, 7 ਅਗਸਤ (ਗਿਆਨ ਸਿੰਘ): ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦਾ ਵਫ਼ਦ, ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਸਰਪ੍ਰਸਤ ਅਤੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਦੀ ਸਰਪ੍ਰਸਤੀ ਹੇਠ ਕੈਬਨਿਟ ਮੰਤਰੀ ਸ. ਸੁਖਜਿੰਦਰ ਸਿੰਘ ਰੰਧਾਵਾ ਅਤੇ ਸ. ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਨੂੰ ਮਿਲਿਆ। ਵਫ਼ਦ ਨੇ ਕੈਬਨਿਟ ਮੰਤਰੀਆਂ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਜਨਮ ਉਤਸਵ ਸਬੰਧੀ ਉਲੀਕੇ ਸਮਾਗਮਾਂ ਵਿੱਚ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਸ਼੍ਰੀ ਬਾਵਾ ਨੇ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਆਪਣੇ ਪੱਧਰ 'ਤੇ ਵੀ ਸਮਾਗਮ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਫਾਊਂਡੇਸ਼ਨ ਵੱਲੋਂ 17 ਅਗਸਤ ਤੋਂ 20 ਅਗਸਤ ਤੱਕ ਕੋਲਕੱਤਾ ਵਿਖੇ ਜਦਕਿ



25 ਅਗਸਤ ਨੂੰ ਕੈਥਲ (ਹਰਿਆਣਾ) ਵਿੱਚ ਸਮਾਗਮ ਆਯੋਜਿਤ ਕੀਤਾ ਜਾਵੇਗਾ।

ਸ਼੍ਰੀ ਬਾਵਾ ਨੇ ਅੱਗੇ ਦੱਸਿਆ ਕਿ 1 ਸਤੰਬਰ ਤੋਂ 7 ਸਤੰਬਰ ਤੱਕ ਸ਼੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ, 15 ਸਤੰਬਰ ਤੋਂ 5 ਅਕਤੂਬਰ ਤੱਕ ਕਨੇਡਾ ਅਤੇ ਅਮਰੀਕਾ ਦੇ ਗੁਰੂਦੁਆਰਾ ਸਾਹਿਬ ਵਿਖੇ ਕੁੱਲ 11 ਸਮਾਗਮ ਗੁਰਮੀਤ ਸਿੰਘ ਗਿੱਲ, ਅਸ਼ੋਕ ਬਾਵਾ, ਬ੍ਰਿਗੇਡੀਅਰ ਨਵਾਬ ਸਿੰਘ ਅਤੇ ਹਰਬੰਸ ਸਿੰਘ ਦਿਉਲ, ਗੈਰੀ ਗਰੇਵਾਲ ਵੱਲੋਂ ਆਯੋਜਿਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 25 ਅਕਤੂਬਰ ਨੂੰ ਬੰਬਈ ਅਤੇ ਨਵੰਬਰ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ (ਲੁਧਿਆਣਾ) ਵਿਖੇ ਸਮਾਗਮ ਆਯੋਜਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 25 ਅਗਸਤ ਨੂੰ ਹਰਿਆਣਾ ਕੈਥਲ ਵਿਖੇ ਹੋਣ ਵਾਲੇ ਸਮਾਗਮ ਵਿੱਚ ਸੁਖਜਿੰਦਰ ਸਿੰਘ ਰੰਧਾਵਾ ਕੈਬਨਿਟ ਮੰਤਰੀ ਸ਼ਾਮਲ ਹੋਣਗੇ।

ਇਸ ਮੌਕੇ ਕਰਨੈਲ ਸਿੰਘ ਗਿੱਲ, ਦਲਜੀਤ ਕੁਲਾਰ, ਅਮਰਿੰਦਰ ਸਿੰਘ ਜੱਸੋਵਾਲ, ਹਰਪ੍ਰੀਤ ਸਿੰਘ, ਅਜਮੇਰ ਸਿੰਘ ਰਾਜੋਆਣਾ, ਮਨਜੀਤ ਹੰਬੜਾ, ਗਗਨਦੀਪ ਬਾਵਾ, ਰੇਸ਼ਮ ਸਿੰਘ ਸਿੱਧੂ, ਆਦਿ ਹਾਜ਼ਰ ਸਨ।





# ਸਪੀਕਰਾਂ ਦੀ ਆਵਾਜ਼ ਤੇ ਵਿਗਿਆਨਕ ਤੱਥ

-ਮੇਘ ਰਾਜ ਮਿੱਤਰ

ਸਮੁੱਚੇ ਭਾਰਤ ਦੇ ਕਿਸੇ ਵੀ ਪਿੰਡ ਵਿੱਚ ਚਲੇ ਜਾਓ ਤਾਂ ਤੁਹਾਨੂੰ ਧਾਰਮਿਕ ਸਥਾਨਾਂ 'ਤੇ ਸਪੀਕਰਾਂ ਦੀ ਆਵਾਜ਼ ਜ਼ਰੂਰ ਸੁਣਾਈ ਦੇਵੇਗੀ। ਕਿਤੇ ਮਸਜਿਦਾਂ ਵਿੱਚ ਨਮਾਜ਼ਾਂ ਪੜ੍ਹੀਆਂ ਜਾ ਰਹੀਆਂ ਹੋਣਗੀਆਂ, ਕਿਤੇ ਮੰਦਰਾਂ ਵਿੱਚ ਸਲੋਕ ਬੋਲੇ ਜਾਂਦੇ ਹੋਣਗੇ, ਕਿਤੇ ਜਗਰਾਤੇ ਹੋ ਰਹੇ ਹੋਣਗੇ ਤੇ ਕਿਤੇ ਗੁਰਬਾਣੀ ਦੇ ਸ਼ਬਦ ਪੜ੍ਹੇ ਜਾਂਦੇ ਹੋਣਗੇ। ਸਵਾਲ ਇਹ ਪੈਦਾ ਹੁੰਦਾ ਹੈ ਕਿ ਸਪੀਕਰਾਂ ਤੋਂ ਇਹ ਰੌਲਾ ਕਿਸ ਨੂੰ ਸੁਣਾਇਆ ਜਾ ਰਿਹਾ ਹੈ? ਕੀ ਇਹ ਕਿਸੇ ਕੋਲ ਪੁੱਜ ਵੀ ਰਿਹਾ ਹੈ ਜਾਂ ਨਹੀਂ? ਆਓ ਜਾਣੀਏ ਕਿ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਕਿਵੇਂ ਗਤੀ ਕਰਦੀਆਂ ਹਨ?

ਅਸੀਂ ਜਾਣਦੇ ਹਾਂ ਕਿ ਜੇ ਅਸੀਂ ਪਾਣੀ ਵਿੱਚ ਇਕ ਰੋੜ੍ਹਾ ਸੁੱਟਦੇ ਹਾਂ ਤਾਂ ਸਾਨੂੰ ਪਾਣੀ ਵਿੱਚ ਗਤੀ ਕਰਦੀਆਂ ਕੁਝ ਗੋਲਾਈਆਂ ਦਿਖਾਈ ਦੇਣਗੀਆਂ ਜਿਹੜੀਆਂ ਫੈਲਦੀਆਂ ਜਾਣਗੀਆਂ। ਇਨ੍ਹਾਂ ਨੂੰ ਲਹਿਰਾਂ ਕਹਿੰਦੇ ਹਨ, ਇਹ ਲਹਿਰਾਂ ਇਕੱਲੇ ਪਾਣੀ ਵਿੱਚ ਨਹੀਂ ਚੱਲਦੀਆਂ, ਹਵਾ ਵਿੱਚ ਤੇ ਹੋਰ ਧਾਤਾਂ ਵਿੱਚ ਵੀ ਚੱਲਦੀਆਂ ਹਨ। ਆਵਾਜ਼ ਦੀਆਂ ਤਰੰਗਾਂ ਵੀ ਇਸੇ ਤਰ੍ਹਾਂ ਗਤੀ ਕਰਦੀਆਂ ਹਨ। ਮੂੰਹ ਰਾਹੀਂ ਬੋਲ ਕੇ ਪੈਦਾ ਕੀਤੀ ਆਵਾਜ਼ 100-200 ਵਿਅਕਤੀਆਂ ਨੂੰ 100-200 ਫੁੱਟ ਦੇ ਘੇਰੇ ਵਿੱਚ ਸੁਣਾਈ ਦੇ ਸਕਦੀ ਹੈ, ਪਰ ਸਪੀਕਰ ਉਤੇ ਬੋਲੇ ਸ਼ਬਦ ਦੋ ਤਿੰਨ ਕਿਲੋਮੀਟਰ ਤੱਕ ਸੁਣਾਈ ਦੇ ਸਕਦੇ ਹਨ। ਦੂਜੇ ਪਾਸੇ ਤਾਰ ਰਾਹੀਂ ਅਸੀਂ ਭਾਰਤ ਵਿੱਚ ਬੈਠ ਕੇ ਵਿਦੇਸ਼ਾਂ ਵਿੱਚ ਆਪਣੇ ਸਬੰਧੀਆਂ ਤੇ ਮਿੱਤਰਾਂ ਨਾਲ ਗੱਲਬਾਤ ਕਰ ਸਕਦੇ ਹਾਂ। ਆਵਾਜ਼ ਇੰਨੀ ਸਾਫ ਹੁੰਦੀ ਹੈ ਕਿ ਅਸੀਂ ਅਲੱਗ-ਅਲੱਗ ਵਿਅਕਤੀਆਂ ਦੀ ਆਵਾਜ਼ ਪਛਾਣ ਸਕਦੇ ਹਾਂ।

ਜੇ ਆਵਾਜ਼ ਦੀ ਰਫਤਾਰ ਦੀ ਗੱਲ ਕਰੀਏ ਤਾਂ ਇਹ ਸਿਰਫ 343 ਮੀਟਰ ਪ੍ਰਤੀ ਸੈਕਿੰਡ ਹੈ ਜੋ ਘੰਟੇ ਦੀ 1235 ਕਿਲੋਮੀਟਰ ਬਣਦੀ ਹੈ। ਸਾਡੇ ਬਹੁਤ ਸਾਰੇ ਹਵਾਈ ਜਹਾਜ਼ ਆਵਾਜ਼ ਦੀ ਰਫਤਾਰ ਨਾਲੋਂ ਤੇਜ਼ ਗਤੀ ਕਰਦੇ ਹਨ, ਇਨ੍ਹਾਂ ਨੂੰ ਸੁਪਰਸੋਨਕ ਜਹਾਜ਼ ਕਹਿੰਦੇ ਹਨ। ਵਿਗਿਆਨਕਾਂ ਦੇ ਬਣਾਏ ਰਾਕੇਟ ਤਾਂ 40,000 ਕਿਲੋਮੀਟਰ ਪ੍ਰਤੀ ਘੰਟੇ ਦੀ ਸਪੀਡ ਨਾਲ ਜਾਂਦੇ ਹਨ। ਧਰਤੀ ਦੀ ਸਤ੍ਹਾ ਤੋਂ 100 ਕਿਲੋਮੀਟਰ ਉਪਰ ਹਵਾ ਖਤਮ ਹੋ ਜਾਂਦੀ ਹੈ, ਆਵਾਜ਼ ਖਲਾਅ ਵਿੱਚ ਨਹੀਂ ਚੱਲ ਸਕਦੀ। ਇਸ ਲਈ ਸਪੀਕਰਾਂ ਰਾਹੀਂ ਆਵਾਜ਼ ਇਸ ਤੋਂ ਅੱਗੇ ਤਾਂ ਜਾ ਨਹੀਂ ਸਕਦੀ। ਸਪੀਕਰਾਂ ਦੀ ਤਕਨੀਕ ਬੁੱਢੀ ਹੋ ਚੁੱਕੀ ਹੈ। ਜੇ ਆਵਾਜ਼ ਉਪਰ ਪਹੁੰਚਾਉਣੀ ਜ਼ਰੂਰੀ ਹੈ ਤਾਂ ਤੁਹਾਨੂੰ ਉਥੇ ਵਾਯੂਮੰਡਲ ਪੈਦਾ ਕਰਨਾ ਪਵੇਗਾ ਜਾਂ ਤੁਹਾਨੂੰ ਇਹ ਕੰਮ ਰੇਡੀਓ ਤਰੰਗਾਂ ਰਾਹੀਂ ਕਰਨਾ ਪਵੇਗਾ।



ਵਿਗਿਆਨਕਾਂ ਨੇ ਇਕ ਅਜਿਹਾ ਢੰਗ ਵਿਕਸਤ ਕਰ ਲਿਆ ਹੈ, ਜਿਸ ਵਿੱਚ ਆਵਾਜ਼ ਤਾਰ ਤੋਂ ਬਗੈਰ ਵੀ ਭੇਜੀ ਜਾ ਸਕਦੀ ਹੈ। ਪਹਿਲਾਂ ਘਰਾਂ ਵਿੱਚ ਲੈਂਡਲਾਈਨ ਫੋਨ ਹੁੰਦਾ ਸੀ, ਜਿਸ ਦੇ ਟਰਾਂਸਮੀਟਰ ਰਾਹੀਂ ਅਸੀਂ ਆਪਣੀ ਆਵਾਜ਼ ਭੇਜ ਸਕਦੇ ਸੀ। ਇਹ ਤਾਰ ਨਾਲ ਇਕ ਦੂਜੇ ਦੇ ਸੰਪਰਕ ਵਿੱਚ ਸਨ, ਪਰ ਅੱਜ ਕੱਲ੍ਹ ਸਾਡੇ ਕੋਲ ਤਾਰ ਰਹਿਤ ਮੋਬਾਈਲ ਫੋਨ ਹੈ, ਜਿਸ ਵਿੱਚ ਟਰਾਂਸਮੀਟਰ ਤੇ ਰਿਸੀਵਰ ਲੱਗੇ ਹੁੰਦੇ ਸਨ। ਟਰਾਂਸਮੀਟਰ ਆਵਾਜ਼ ਨੂੰ ਉਚੀ ਫਰੀਕੁਐਂਸੀ 'ਤੇ ਹਵਾ ਵਿੱਚ ਖਿਲਾਰ ਦਿੰਦਾ ਹੈ ਤੇ ਰਿਸੀਵਰ ਇਸ ਫਰੀਕੁਐਂਸੀ ਨੂੰ ਫੜ ਲੈਂਦਾ ਹੈ। ਇਸ ਤਰ੍ਹਾਂ ਆਵਾਜ਼ ਇਕ ਥਾਂ ਤੋਂ ਦੂਜੀ ਥਾਂ 'ਤੇ ਪੁੱਜ ਜਾਂਦੀ ਹੈ। ਬਹੁਤ ਉਚੀ ਫਰੀਕੁਐਂਸੀ ਰਾਹੀਂ ਆਵਾਜ਼ ਚੰਦਰਮਾ ਜਾਂ ਦੂਜੇ ਗ੍ਰਹਿਾਂ 'ਤੇ ਵੀ ਭੇਜੀ ਤੇ ਸੁਣੀ ਜਾ ਸਕਦੀ ਹੈ।

ਇਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਆਵਾਜ਼ਾਂ ਪਰਮਾਤਮਾ ਤੱਕ ਪੁੱਜ ਜਾਂਦੀਆਂ ਹਨ? ਭਾਵੇਂ ਅਸੀਂ ਤਰਕਸ਼ੀਲ ਪਰਮਾਤਮਾ ਵਿੱਚ ਯਕੀਨ ਨਹੀਂ ਰੱਖਦੇ ਤੇ ਨਾ ਅੱਜ ਤੱਕ ਸਾਨੂੰ ਧਰਤੀ 'ਤੇ ਕੋਈ ਅਜਿਹਾ ਵਿਅਕਤੀ ਮਿਲਿਆ ਹੈ, ਜਿਸ ਨੇ ਪਰਮਾਤਮਾ ਦੇ ਦਰਸ਼ਨ ਕੀਤੇ ਹੋਣ, ਪਰ ਜਦੋਂ ਅਸੀਂ ਕਿਸੇ ਧਰਮ ਦੇ ਪੈਰੋਕਾਰ ਨੂੰ ਪੁੱਛਦੇ ਹਾਂ ਕਿ ਤੁਸੀਂ ਸਪੀਕਰਾਂ ਦਾ ਸ਼ੋਰ ਕਿਉਂ ਪਾਉਂਦੇ ਰਹਿੰਦੇ ਹੋ ਤਾਂ ਉਨ੍ਹਾਂ ਦਾ ਜਵਾਬ ਹੁੰਦਾ ਹੈ ਕਿ 'ਪਰਮਾਤਮਾ ਨੇ ਸਾਨੂੰ ਸਭ ਕੁਝ ਦਿੱਤਾ ਹੈ, ਇਸ ਲਈ ਅਸੀਂ ਉਸ ਦੀ ਦਿਨ ਰਾਤ ਪੂਜਾ ਕਰਦੇ ਹਾਂ। ਸਪੀਕਰਾਂ ਰਾਹੀਂ ਉਸ ਦਾ ਸ਼ੁਕਰਾਨਾ ਭੇਜਦੇ ਹਾਂ।' ਆਓ ਵੇਖੀਏ ਕਿ ਸਮੁੱਚੀ ਦੁਨੀਆ 'ਤੇ ਵੱਜਦੇ ਲੱਖਾਂ ਸਪੀਕਰਾਂ ਦੀਆਂ ਆਵਾਜ਼ਾਂ ਉਸ ਕੋਲ ਪੁੱਜਦੀਆਂ ਵੀ ਹਨ ਜਾਂ ਨਹੀਂ? ਕੀ ਉਸ ਕੋਲ ਲੱਖ ਰਿਸੀਵਰ ਹੁੰਦੇ ਹਨ? ਕੀ ਉਹ ਲੱਖਾਂ ਰਿਸੀਵਰਾਂ ਨੂੰ ਇਕੋ ਸਮੇਂ ਸੁਣਨ ਦੇ ਸਮਰੱਥ ਹੈ? ਕੀ ਉਸ ਕੋਲ ਕੋਈ ਅਜਿਹਾ ਸਾਧਨ ਹੈ ਕਿ ਉਹ ਲੱਖਾਂ ਸਪੀਕਰਾਂ ਦੀ ਆਵਾਜ਼ ਸੁਣ ਸਕਦਾ ਹੈ?

ਵਿਗਿਆਨੀਆਂ ਦੀਆਂ ਦੂਰਬੀਨਾਂ ਲੱਖਾਂ ਕਰੋੜਾਂ ਕਿਲੋਮੀਟਰਾਂ ਤੱਕ ਜਾ ਆਈਆਂ। ਉਨ੍ਹਾਂ ਨੂੰ ਕਿਤੇ ਕਿਸੇ ਪਰਮਾਤਮਾ ਦੇ ਦਰਸ਼ਨ ਨਹੀਂ ਹੋਏ, ਨਾ ਉਨ੍ਹਾਂ ਨੂੰ ਜਿਉਣ ਲਈ ਜ਼ਰੂਰੀ ਗੈਸ ਆਕਸੀਜਨ ਦੀ ਮੌਜੂਦਗੀ ਮਿਲੀ, ਪਰ ਵਿਗਿਆਨਕਾਂ ਨੇ ਇਹ ਗੱਲ ਚੰਗੀ ਤਰ੍ਹਾਂ ਸਮਝ ਲਈ ਕਿ ਸਾਡਾ ਬ੍ਰਹਿਮੰਡ ਕੁਦਰਤੀ ਨਿਯਮਾਂ ਹੇਠ ਸਦਾ ਸੀ ਤੇ ਸਦਾ ਸਵੈ ਚਾਲਿਤ ਰਹੇਗਾ। ਕੁਦਰਤੀ ਨਿਯਮਾਂ ਤਹਿਤ ਘਟਨਾਵਾਂ ਜਾਂ ਦੁਰਘਟਨਾਵਾਂ ਨੇ ਵਾਪਰਦੇ ਰਹਿਣਾ ਹੈ। ਮਾਦੇ ਜਾਂ ਪਦਾਰਥ ਦਾ ਗੁਣ ਹੈ ਕਿ ਇਹ ਬਿਖਰ ਜਾਂਦਾ ਹੈ ਤੇ ਨਵੇਂ ਪਦਾਰਥ ਪੈਦਾ ਹੁੰਦੇ ਹਨ। ਪਾਠ, ਪੂਜਾ, ਧਾਗੇ ਤਵੀਤਾਂ ਦਾ ਇਨ੍ਹਾਂ ਉਪਰ ਅਸਰ ਨਹੀਂ ਹੋਵੇਗਾ।

ਅਸੀਂ ਜਾਣਦੇ ਹਾਂ ਕਿ ਸਪੀਕਰਾਂ ਦੇ ਰੌਲੇ ਨਾਲ ਰੋਗੀਆਂ ਦੀ ਨੀਂਦ ਉਡ ਜਾਂਦੀ ਤੇ ਇਮਤਿਹਾਨ ਦੀ ਤਿਆਰੀ ਕਰਦੇ ਵਿਦਿਆਰਥੀਆਂ ਦੀ ਪੜ੍ਹਾਈ ਖਰਾਬ ਹੁੰਦੀ ਹੈ। ਨੀਂਦ ਦੀਆਂ ਗੋਲੀਆਂ ਖਾ ਕੇ ਸੁੱਤੇ ਬਜ਼ੁਰਗਾਂ ਦੀ ਨੀਂਦ ਵਿੱਚ ਵਿਘਨ ਪੈਂਦਾ ਹੈ। ਧਾਰਮਿਕ ਸਥਾਨਾਂ ਦੇ ਗੁਆਂਢ ਵਿੱਚ ਵੱਸੇ ਘਰਾਂ ਦੀ ਹਾਲਤ ਤਰਸ ਯੋਗ ਹੁੰਦੀ ਹੈ। ਫਿਰ ਵੀ ਸਪੀਕਰ ਬੰਦ ਨਹੀਂ ਹੁੰਦੇ। ਅਸਲ ਵਿੱਚ ਸਪੀਕਰਾਂ ਦੇ ਰੌਲੇ ਨੂੰ ਕੋਈ ਪ੍ਰਦੂਸ਼ਣ ਸਮਝਦਾ ਹੀ ਨਹੀਂ। ਜਿਵੇਂ ਪਾਣੀ ਵਿੱਚ ਕੂੜਾ ਸੁੱਟਣ ਨਾਲ ਪਾਣੀ ਗੰਦਾ ਹੋ ਜਾਂਦਾ ਹੈ, ਉਸੇ ਤਰ੍ਹਾਂ ਹਵਾ ਵਿੱਚ ਵਾਰ-ਵਾਰ ਲਹਿਰਾਂ ਸੁੱਟਣ ਨਾਲ ਹਵਾ ਪ੍ਰਦੂਸ਼ਿਤ ਹੋ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਈ ਵਾਰ ਇਹ ਪੱਤਰ ਲਿਖ ਚੁੱਕੀ ਤੇ ਗੁਰਦੁਆਰਿਆਂ ਦੇ ਗ੍ਰੰਥੀਆਂ ਨੂੰ ਵਾਰ-ਵਾਰ ਅਪੀਲ ਕੀਤੀ ਜਾਂਦੀ ਹੈ ਕਿ ਉਹ ਸਪੀਕਰਾਂ ਦੀ ਆਵਾਜ਼ ਆਪਣੇ ਧਾਰਮਿਕ ਸਥਾਨ ਦੀ ਹੱਦ ਦੇ ਅੰਦਰ ਰੱਖਣ, ਪਰ ਉਨ੍ਹਾਂ 'ਤੇ ਕੋਈ ਅਸਰ ਨਹੀਂ ਹੁੰਦਾ। ਅਦਾਲਤਾਂ ਵੀ ਇਸ ਸਬੰਧੀ ਅਜਿਹੇ ਹੁਕਮ ਜਾਰੀ ਕਰ ਚੁੱਕੀਆਂ ਹਨ, ਪਰ ਹੁਕਮਾਂ ਨੂੰ ਲਾਗੂ ਸਰਕਾਰੀ ਪ੍ਰਬੰਧਕਾਂ ਨੇ ਕਰਨਾ ਹੁੰਦਾ ਹੈ। ਉਨ੍ਹਾਂ ਵਿੱਚੋਂ ਬਹੁਤੇ ਖੁਦ ਧਾਰਮਿਕ ਸਥਾਨਾਂ ਦੇ ਭਗਤ ਹੁੰਦੇ ਹਨ। ਇਸ ਲਈ ਉਹ ਇਸ ਨੂੰ ਲਾਗੂ ਨਹੀਂ ਕਰਦੇ। ਜੇ ਕੋਈ ਸਿਰਫਿਰਿਆ ਲਾਗੂ ਕਰ ਵੀ ਬੈਠੇ ਤਾਂ ਧਾਰਮਿਕ ਭੀੜ ਤੇ ਧਾਰਮਿਕ ਲੀਡਰ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿੰਦੇ ਹਨ। ਕਈ ਥਾਈਂ ਇਸ ਸਬੰਧੀ ਲੜਾਈਆਂ ਵੀ ਹੋ ਚੁੱਕੀਆਂ ਹਨ। ਪੰਚਾਇਤਾਂ ਵੀ ਫੈਸਲੇ ਕਰ ਚੁੱਕੀਆਂ ਹਨ, ਪਰ ਫਿਰ ਵੀ ਸਪੀਕਰ ਬੰਦ ਨਹੀਂ ਹੁੰਦੇ। ਸਾਨੂੰ ਤਰਕਸ਼ੀਲਾਂ ਨੂੰ ਵਿਸ਼ਵਾਸ ਹੈ ਕਿ ਕਿਸੇ ਸਮੇਂ ਚੇਤਨ ਹੋਏ ਲੋਕਾਂ ਦੇ ਕਾਫਲੇ ਸਪੀਕਰਾਂ ਨੂੰ ਬੰਦ ਕਰਨ ਦੇ ਸਮਰੱਥ ਜ਼ਰੂਰ ਹੋਣਗੇ।




















## ਕਹਾਣੀ

# ਆਪੋ-ਆਪਣਾ ਦੁੱਖ

-ਕੇ ਐਲ ਗਰਗ-

ਆਪਣੀ ਵੱਡੀ ਭੈਣ ਲੀਲਾ ਨੂੰ ਬਾਹਰਲੇ ਖੁੱਲ੍ਹੇ ਬੂਹੇ ਥਾਣੀਂ ਅੰਦਰ ਲੰਘਦਿਆਂ ਦੇਖ ਕੇ, ਵਿਹੜੇ 'ਚ ਮੰਜੀ 'ਤੇ ਬੈਠੇ ਗੋਗੀ ਨੂੰ ਖੁਸ਼ੀ ਹੋਣ ਨਾਲੋਂ ਹੈਰਾਨੀ ਜ਼ਿਆਦਾ ਹੋਈ ਸੀ।

'ਇਹ ਅੱਜ ਅਚਾਨਕ ਕਿਧਰੋਂ ਟਪਕ ਪਈ' ਪਲ ਦੀ ਪਲ ਉਸ ਮਨ ਹੀ ਮਨ ਸੋਚ ਲਿਆ ਸੀ, ਪਰ ਜ਼ਾਹਰਾ ਤੌਰ 'ਤੇ ਉਸ ਨੂੰ ਦੇਖਦਿਆਂ ਹੀ ਉਹ ਬੁੜ੍ਹਕ ਕੇ ਮੰਜੀ ਤੋਂ ਉਠ ਪਿਆ ਸੀ। ਹੱਸ ਕੇ ਪੁੱਛਣ ਲੱਗਾ, 'ਸਾਡੀ ਭੈਣ ਅੱਜ ਕਿਧਰੋਂ ਰਸਤਾ ਭੁੱਲ ਗਈ?' ਭੈਣ ਨੇ ਵੀ ਝੱਟ ਨਹਿਲੇ 'ਤੇ ਦਹਿਲਾ ਮਾਰਦਿਆਂ ਆਖ ਦਿੱਤਾ ਸੀ, 'ਵੀਰ ਨੇ ਤਾਂ ਜਿਵੇਂ ਦੇਹਲੀਆਂ ਘਸਾਤੀਆਂ ਹੋਣੀਆਂ ਭੈਣ ਦੇ ਘਰ ਦੀਆਂ ਗੇੜੇ ਮਾਰ-ਮਾਰ? ਕਦੀ ਝੂਠੀਂ ਸੱਚੀਂ ਵੀ ਨੀਂ ਪੁੱਛਿਆ ਕਿ ਬਈ ਭੈਣ ਮਰਦੀ ਐ ਕਿ ਜਿਉਂਦੀ ਐ। ਵੱਡੀ ਭੈਣ ਤਾਂ ਮਾਵਾਂ ਵਰਗੀ ਹੁੰਦੀ ਐ, ਤੂੰ ਤਾਂ ਜਮ੍ਹਾਂ ਈ ਵਿਸਾਰ ਛੱਡਿਐ ਭੈਣ ਨੂੰ।'

ਅਜੇ ਸ਼ਾਇਦ ਉਹ ਹੋਰ ਵੀ ਭੁੜਕਦੀ, ਜੇ ਗੋਗੀ ਉਸ ਨੂੰ ਗਲ ਨਾਲ ਲਾ ਕੇ ਮੰਜੀ 'ਤੇ ਨਾ ਬਿਠਾ ਦਿੰਦਾ। ਉਹ ਝੱਟ ਰਸੋਈ 'ਚੋਂ ਪਾਣੀ ਦਾ ਗਲਾਸ ਭਰ ਲਿਆਇਆ। ਭੈਣ ਨੂੰ ਗਲਾਸ ਫੜਾਉਂਦਿਆਂ ਹੌਲੀ ਦੇਣੇ ਕਹਿਣ ਲੱਗਾ, 'ਲੈ ਫੜ ਪਾਣੀ ਪੀ, ਸਾਹ ਲੈ ਲੈ, ਫੇਰ ਦੇ ਲਈਂ ਉਲਾਂਭੇ। ਤੂੰ ਤਾਂ ਜੁੱਤੀਆਂ ਵੀ ਮਾਰ ਲਵੇਂ, ਮੈਂ ਕਿਹੜਾ ਉਜਰ ਕਰਨੈਂ। ਵੱਡੀ ਭੈਣ ਐਂ, ਤੇਰਾ ਹੱਕ ਬਣਦੈ।' ਆਖ ਉਹ ਮੰਜੇ ਦੇ ਸਿਰੇ 'ਤੇ ਪਾਵੇ ਵੱਲ ਨੂੰ ਹੋ ਕੇ ਬਹਿ ਗਿਆ। ਭੈਣ ਨੇ ਗਲਾਸ ਖਾਲੀ ਕਰਕੇ ਉਸ ਹੱਥ ਫੜਾ ਦਿੱਤਾ ਤੇ ਚੁੰਨੀ ਨਾਲ ਮੂੰਹ ਪੂੰਝਣ ਲੱਗ ਪਈ।

'ਚਾਹ ਤਾਂ ਪੀਏਂਗੀ ਨਾ, ਨਾਸ਼ਤਾ ਕਰਕੇ ਆਈ ਐਂ? ਨਹੀਂ ਤਾਂ ਮੰਗਵਾ ਲੈਨੇ ਆਂ।' ਉਸ ਲੀਲਾ ਤੋਂ ਪੁੱਛਿਆ।

'ਤੂੰ ਪੀਏਂਗਾ ਤਾਂ ਬਣਾ ਲੈਨੇ ਆਂ ਘੁੱਟ-ਘੁੱਟ। ਚਾਹ ਦਾ ਕੀ ਐ, ਮੈਂ ਬਣਾ ਲਿਆਉਂਦੀ ਆਂ।' ਆਖ ਉਹ ਰਸੋਈ ਵੱਲ ਨੂੰ ਅਹੁਲ ਪਈ ਸੀ।

'ਤੈਨੂੰ ਨੀਂ ਲੱਭਣੀ ਚੀਜ਼ ਵਸਤ। ਮੈਂ ਬਣਾਉਨਾ ਚਾਹ, ਤੂੰ ਬੈਠ ਮੰਜੀ 'ਤੇ।' ਆਖ ਉਹ ਭੈਣ ਦੇ ਪਿੱਛੇ-ਪਿੱਛੇ ਤੁਰ ਪਿਆ ਸੀ।

'ਲੈ ਮੈਂ ਭੁੱਲੀ ਹੋਈ ਆਂ ਇਸ ਘਰ ਨੂੰ। ਮੇਰੇ ਤਾਂ ਪੋਟਿਆਂ 'ਤੇ ਗਿਣੀਆਂ ਹੋਈਆਂ ਇਸ ਘਰ ਦੀਆਂ ਚੀਜ਼ਾਂ ਵਸਤਾਂ। ਇਥੋਂ ਈ ਗਈ ਸੀ ਕਦੇ ਮੈਂ।' ਭੈਣ ਨੇ ਨਿਹੋਰੇ ਜਿਹੇ ਨਾਲ ਆਖਿਆ।

'ਉਹ ਤਾਂ ਠੀਕ ਆ, ਉਹ ਤਾਂ ਠੀਕ ਆ,' ਗੋਗੀ ਨੇ ਕੱਚੇ ਜਿਹੇ ਹੁੰਦਿਆਂ ਕਹਿ ਦਿੱਤਾ ਸੀ।

'ਭਰਜਾਈ ਹੁੰਦੀ ਤਾਂ ਗੱਲ ਹੋਰ ਸੀ। ਆਪ ਈ ਹੱਥ ਫੂਕਣੇ ਪੈਂਦੇ ਹੋਣੇ ਆਂ।' ਲੀਲਾ ਨੇ ਪਤਾ ਨਹੀਂ ਕਿਵੇਂ ਇਕਦਮ ਕਹਿ ਦਿੱਤਾ ਸੀ।

ਆਪਣੀ ਬੀਵੀ ਦਾ ਜ਼ਿਕਰ ਆਉਂਦਿਆਂ ਹੀ ਗੋਗੀ ਦੇ ਚਿਹਰੇ 'ਤੇ ਹਵਾਈਆਂ ਜਿਹੀਆਂ ਉਡਣ ਲੱਗ ਪਈਆਂ। ਉਸ ਦਾ ਸਰੀਰ ਇਕਦਮ ਝੂਠਾ ਪੈ ਗਿਆ। ਉਹ ਬਗੈਰ ਕੁਝ ਬੋਲਿਆਂ ਭੈਣ ਨਾਲ ਰਸੋਈ 'ਚ ਪਹੁੰਚ ਗਿਆ ਸੀ। ਦੋਵਾਂ ਨੇ ਰਲ ਮਿਲ ਕੇ ਚਾਹ ਬਣਾ ਕੱਪਾਂ ਵਿੱਚ ਪਾ ਲਈ ਸੀ।

'ਐਥੇ ਕਿਤੇ ਬਿਸਕੁਟ ਵੀ ਪਏ ਹੋਣੇ ਆਂ।' ਆਖ ਉਸ ਰਸੋਈ 'ਚ ਪਏ ਡੱਬੇ ਫੋਲਣੇ ਸ਼ੁਰੂ ਕਰ ਦਿੱਤੇ ਸਨ। ਆਖਰ ਇਕ ਡੱਬੇ 'ਚੋਂ ਕੁਝ ਬਿਸਕੁਟ ਕੱਢ ਪਲੇਟ 'ਚ ਪਾ, ਚਾਹ ਦੇ ਕੱਪ ਚੁੱਕ, ਉਹ ਬਾਹਰ ਵਿਹੜੇ ਵਿੱਚ ਆ ਗਏ। ਮੰਜੀ 'ਤੇ ਬਹਿ ਚਾਹ ਪੀਂਦਿਆਂ ਉਨ੍ਹਾਂ ਗੱਲਾਂ ਦਾ ਸਿਰਾ ਫੜਣ ਦਾ ਯਤਨ ਸ਼ੁਰੂ ਕਰ ਦਿੱਤਾ ਸੀ। ਦੋਵਾਂ ਵਿੱਚੋਂ ਕਿਸੇ ਨੂੰ ਕੁਝ ਵੀ ਅਹੁੜ ਨਹੀਂ ਸੀ ਰਿਹਾ ਕਿ ਗੱਲ ਕਿੱਥੋਂ ਤੇ ਕੌਣ ਸ਼ੁਰੂ ਕਰੇ। ਆਖਰ ਭੈਣ ਨੇ ਹਲਕੀ ਜਿਹੀ ਸੁਰ 'ਚ ਪੁੱਛਿਆ, 'ਕਿਵੇਂ ਗੁਜ਼ਰਦੈ ਸਮਾਂ? ਕੀ ਕਰਦਾ ਰਹਿਨੈ ਸਾਰਾ ਦਿਨ? ਰੋਟੀ ਟੁੱਕ ਦਾ ਕਿਵੇਂ ਸਾਰਦੈਂ?'

ਇਕਦਮ ਐਨੇ ਸਵਾਲ ਸੁਣ ਕੇ ਉਹ ਭਮੱਤਰ ਹੀ ਗਿਆ। ਪਲ ਦੀ ਪਲ ਉਸ ਨੂੰ ਕੁਝ ਨਹੀਂ ਸੀ ਅਹੁੜਿਆ, ਪਰ ਫੇਰ ਝੱਟ ਹੀ ਮੁਸਮੁਸੀ ਜਿਹੀ ਆਵਾਜ਼ 'ਚ ਬੋਲਿਆ, 'ਬਸ ਵਕਤ ਕਟੀ ਹੋਈ ਜਾਂਦੀ ਐ। ਤੇਰੀ ਭਾਬੀ ਤੋਂ ਬਾਅਦ ਤਾਂ ਸਭ ਕੁਝ ਖਾਲੀ-ਖਾਲੀ ਜਿਹਾ ਹੋ ਗਿਆ ਲੱਗਦੈ। ਕੋਈ ਰਸ ਨਹੀਂ ਰਿਹਾ ਜ਼ਿੰਦਗੀ 'ਚ। ਸਮਾਂ ਜਿਵੇਂ ਵੱਢ-ਵੱਢ ਖਾ ਰਿਹਾ ਹੋਵੇ।' ਉਸ ਰੁਆਂਸੀ ਜਿਹੀ ਸੁਰ 'ਚ ਜਵਾਬ ਦਿੱਤਾ। ਲੀਲਾ ਇਕਦਮ ਸਿੱਧਾ ਉਸ ਵੱਲ ਝਾਕੀ, ਉਸ ਦੀਆਂ ਅੱਖਾਂ ਦਾ ਖਾਲੀਪਣ ਵੀ ਉਸ ਤੋਂ ਲੁਕਿਆ ਨਾ ਰਿਹਾ।

'ਰੋਟੀ ਪਾਣੀ ਦਾ ਫੇਰ ਕਿਵੇਂ ਕਰਦੈਂ?' ਲੀਲਾ ਨੇ ਉਸ ਨੂੰ ਸਹਿਵਣ ਹੀ ਪੁੱਛ ਲਿਆ।

'ਇਥੇ ਅੱਜ ਕੱਲ੍ਹ ਟਿਫਿਨ ਚੱਲ ਪਏ ਨੇ। ਘਰ ਈ ਦੇ ਜਾਂਦੇ ਨੇ ਆ ਕੇ। ਪੈਸੇ ਵੀ ਠੀਕ-ਠਾਕ ਈ ਲੈਂਦੇ ਨੇ।' ਉਸ ਉਦਾਸ ਜਿਹੀ ਸੁਰ 'ਚ ਆਖਿਆ।

'...ਪਰ ਘਰ ਵਾਲੀ ਗੱਲ ਨੀਂ ਬਣਦੀ ਹੋਣੀ। ਆਪਣੀ ਪਸੰਦ ਦਾ ਖਾਣਾ ਕਿੱਥੇ ਮਿਲਦਾ ਹੋਣੈਂ।' ਲੀਲਾ ਨੇ ਕਿਹਾ ਸੀ।

'ਘਰ ਵਾਲੀ ਗੱਲ..।' ਆਖ ਉਹ ਮਸੋਸਿਆ ਜਿਹਾ ਹੱਸਿਆ। 'ਘਰ ਵਾਲੀ ਗੱਲ ਤੇਰੀ ਭਰਜਾਈ ਦੇ ਚਲੇ ਜਾਣ 'ਤੇ ਹੀ ਖਤਮ ਹੋਗੀ ਸੀ। ਅੱਜ ਉਹ ਗੱਲਾਂ ਕਿੱਥੇ ਮਿਲਦੀਆਂ। ਸੁਹਣਾ ਘਰ ਚਲਾਇਆ ਸੀ ਉਸ ਨੇ।' ਗੋਗੀ ਜਿਵੇਂ ਗੁਆਚਿਆ-ਗੁਆਚਿਆ ਬੋਲ ਰਿਹਾ ਹੋਵੇ।

'ਪਰ ਮੇਰੇ ਨਾਲ ਤਾਂ ਬਹੁਤੀ.. ਭਰਜਾਈ..।' ਨਾ ਚਾਹੁੰਦੇ ਵੀ ਲੀਲਾ ਮੂੰਹੋਂ ਅਚਾਨਕ ਇਹ ਸ਼ਬਦ ਨਿਕਲ ਗਏ ਸਨ।

'ਭਿੱਜੀ ਨਹੀਂ ਸੀ.. ਇਹੋ ਨਾ?' ਗੋਗੀ ਦੇ ਬੋਲਾਂ ਵਿੱਚ

ਇਕਦਮ ਤੁਰਸ਼ੀ ਜਿਹੀ ਆ ਗਈ ਲੱਗਦੀ ਸੀ।

'ਹਾਂ..ਹਾਂ..।' ਲੀਲਾ ਸ਼ਰਮਿੰਦੀ ਜਿਹੀ ਹੋ ਬੋਲੀ ਸੀ।

'ਔਰਤਾਂ ਘਰ ਸੰਭਾਲਣ ਦੇ ਮਾਮਲੇ 'ਚ ਬਹੁਤ ਕੋਰੀਆਂ ਕਰਾਰੀਆਂ ਹੁੰਦੀਆਂ। ਜਣੇ ਖਣੇ ਨੂੰ ਨਾ ਬੂਹਾ ਖੋਲ੍ਹਦੀਆਂ ਤੇ ਨਾ ਹੀ ਦਿਲ।' ਗੋਗੀ ਬੋਲਿਆ ਸੀ।

'ਮੈਂ ਜਣੀ ਖਣੀ ਥੋੜ੍ਹੋ ਸੀ। ਮੈਂ ਘਰ ਦੀ ਧੀ ਧਿਆਣੀ ਸੀ। ਇਸ ਘਰੋਂ ਲੈਣਾ ਤਾਂ ਮੇਰਾ ਹੱਕ ਸੀ। ਧੀਆਂ ਤਾਂ ਹਮੇਸ਼ਾ ਪੇਕਿਆਂ ਵੱਲ ਦੇਖਦੀਆਂ ਈ ਰਹਿੰਦੀਐਂ। ਧੀਆਂ ਪੇਕਿਆਂ ਤਾਂ ਸਲਾਮਤੀ ਮਰਦੇ ਦਮ ਤੱਕ ਮੰਗਦੀਆਂ ਨੇ।' ਲੀਲਾ ਨੇ ਉਲਾਂਭੇ ਦੀ ਸੁਰ 'ਚ ਆਖਿਆ।

'ਪਰ ਔਰਤਾਂ ਸਹੁਰੇ ਘਰ ਆ ਕੇ ਹਰ ਚੀਜ਼ 'ਤੇ ਆਪਣਾ ਕਬਜ਼ਾ ਈ ਸਮਝਣ ਲੱਗ ਜਾਂਦੀਆਂ। ਕਬਜ਼ਾ ਟੁੱਟਣ ਡਰੋਂ ਉਨ੍ਹਾਂ ਨੂੰ ਹਰ ਬੰਦਾ, ਚਾਹੇ ਉਹ ਘਰ ਦਾ ਹੋਵੇ ਜਾਂ ਬਾਹਰਲਾ, ਓਪਰਾ-ਓਪਰਾ ਲੱਗਣ ਲੱਗਦੈ।' ਗੋਗੀ ਨੇ ਆਖਿਆ।

ਚਾਹ ਮੁੱਕ ਗਈ। ਲੀਲਾ ਖਾਲੀ ਕੱਪ ਤੇ ਬਿਸਕੁਟਾਂ ਵਾਲੀ ਪਲੇਟ ਚੁੱਕ ਕੇ ਰਸੋਈ 'ਚ ਰੱਖ ਆਈ। ਦੋਵੇਂ ਕਾਫੀ ਦੇਰ ਚੁੱਪ ਬੈਠੇ ਰਹੇ ਜਿਵੇਂ ਗੱਲ ਮੁੜ ਸ਼ੁਰੂ ਕਰਨ ਦਾ ਸਿਰਾ ਲੱਭ ਰਹੇ ਹੋਣ।

'ਤੂੰ ਰਮਨੇ ਕੋਲ ਕਿਉਂ ਨੀਂ ਚਲਾ ਜਾਂਦਾ ਬੰਗਲੌਰ? ਇਥੇ 'ਕੱਲਾ ਰਹਿਣਾ ਕਿੰਨਾ ਔਖਾ ਐ?' ਆਖਰ ਲੀਲਾ ਨੇ ਚੁੱਪ ਤੋੜੀ ਸੀ।

ਆਪਣੇ ਪੁੱਤਰ ਰਮਨ ਦਾ ਨਾਂ ਸੁਣਦਿਆਂ ਗੋਗੀ ਨੂੰ ਲੱਗਾ ਸੀ, ਜਿਵੇਂ ਕਿਸੇ ਨੇ ਉਸ ਦਾ ਖਰੀਂਢ ਉਚੇੜ ਦਿੱਤਾ ਹੋਵੇ। ਉਹ ਡੁੱਬੀ ਜਿਹੀ ਆਵਾਜ਼ 'ਚ ਬੋਲਿਆ, 'ਰਮਨ? ਹੱਛਿਆ ਰਮਨ। ਗਿਆ ਸੀ ਉਸ ਕੋਲ ਵੀ। ਦੋਵੇਂ ਜੀਅ ਨੌਕਰੀ ਕਰਦੇ ਐ। ਉਹ ਸਵੇਰੇ ਦਫਤਰਾਂ ਵੱਲ ਨਿਕਲ ਜਾਂਦੇ ਸੀ। ਦੋਵੇਂ ਨਿਆਣੇ ਵੈਨ 'ਚ ਸਕੂਲ ਚਲੇ ਜਾਂਦੇ ਸੀ। ਮੈਂ ਭੂਤਵਾੜੇ 'ਚ ਰਹਿ ਜਾਂਦਾ ਸੀ 'ਕੱਲੇ ਦਾ 'ਕੱਲਾ। ਖਾਲੀ ਘਰ ਵੱਢ-ਵੱਢ ਖਾਂਦਾ ਸੀ। ਉਂਜ ਘੁੱਤੀਆਂ ਜਿੱਡੇ ਤਾਂ ਫਲੈਟ ਨੇ। ਇਥੇ ਸਾਰੀ ਉਮਰ ਗੁਜ਼ਾਰੀ ਐ। ਸੌ ਬੰਦਾ ਮੂੰਹ ਮੱਥੇ ਲੱਗਣ ਵਾਲਾ। ਇਥੇ ਤਾਂ ਭੋਰਾ ਕੂ ਹਾਕ ਮਾਰੀਏ ਤਾਂ ਪੰਜਾਹ ਬੰਦੇ 'ਕੱਠੇ ਹੋ ਜਾਂਦੇ ਆ ਮਿੰਟ ਸਕਿੰਟ 'ਚ। ਉਥੇ ਚੀਕਾਂ ਵੀ ਮਾਰੀਏ ਤਾਂ ਕਿਸੇ ਨੂੰ ਸੁਣਦੀਆਂ ਨੀਂ। ਹਾਰ ਕੇ ਮੈਂ ਤਾਂ ਵਾਪਸ ਈ ਮੁੜ ਆਇਆ।' ਵਿਥਿਆ ਸੁਣਾਉਂਦਿਆਂ ਜਿਵੇਂ ਉਸ ਨੂੰ ਸਾਹ ਜਿਹਾ ਹੀ ਚੜ੍ਹ ਗਿਆ ਸੀ।

'ਮੈਂ ਤਾਂ ਆਪਣੀ ਈ ਰਾਮ ਕਹਾਣੀ ਲੈ ਕੇ ਬਹਿ ਗਿਆ, ਤੂੰ ਆਪਣੀ ਸੁਣਾ ਕਿਵੇਂ ਬੀਤਦੀ ਐ। ਆਉਣ ਤੋਂ ਪਹਿਲਾਂ ਫੋਨ ਈ ਕਰ ਦਿੰਦੀ, ਮੈਂ ਤੈਨੂੰ ਆਪ ਜਾ ਕੇ ਲੈ ਆਉਂਦਾ।' ਗੋਗੀ ਬੋਲਿਆ ਸੀ।

'ਮੈਂ ਸੋਚਿਆ ਕਿ ਵੀਰ ਨੂੰ ਇਸ ਵਾਰ ਹੈਰਾਨ ਕਰਨੈਂ। ਬੱਸ ਜਾ ਕੇ ਸਿੱਧੀ ਮੱਥੇ ਵੱਜਣੈਂ। ਤੂੰ ਵੀ ਬਚਪਨ 'ਚ ਇਹੋ ਜਿਹੀਆਂ ਸ਼ਰਾਰਤਾਂ ਕਰਦਾ ਰਹਿੰਦਾ ਸੀ ਨਾ। ਮੈਨੂੰ ਸ਼ਰਾਰਤ ਈ ਸੁੱਝੀ ਸੀ।' ਲੀਲਾ ਨੇ ਚਾਂਭਲੀ ਆਵਾਜ਼ 'ਚ ਕਹਿ ਦਿੱਤਾ।

'ਆਪਣੀਆਂ ਕਿਹੜੀਆਂ ਉਮਰਾਂ ਰਹਿਗੀਆਂ ਸ਼ਰਾਰਤਾਂ ਕਰਨ ਵਾਲੀਆਂ। ਅਗਲੇ ਲੋਕ ਦੀਆਂ ਤਿਆਰੀਆਂ। ਇਕ ਸਾਹ ਆਉਂਦੈ ਤਾਂ ਦੂਜੇ ਦਾ ਪਤਾ ਨੀਂ ਹੁੰਦਾ ਬਈ ਆਉਣਾ ਕਿ ਨਹੀਂ।' ਗੋਗੀ ਨੇ ਉਦਾਸੀ ਜਿਹੀ ਨਾਲ ਕਹਿ ਦਿੱਤਾ ਸੀ।

'ਨਾ-ਨਾ ਸੁੱਖ ਨਾਲ ਇਹੋ ਜਿਹੀਆਂ ਡਿੱਗੀਆਂ ਗੱਲਾਂ ਕਿਉਂ ਕਰਦੈਂ? ਸਾਡਾ ਵੀਰ ਜੁਗ-ਜੁਗ ਜੀਵੇ। ਤੇਰੇ ਨਾਲ ਮੇਰੇ ਲਈ ਇਸ ਘਰ ਦਾ ਬੂਹਾ ਖੁੱਲੈ। ਰੱਬ ਲੰਮੀ ਉਮਰ ਦੇਵੇ ਮੇਰੇ ਵੀਰ ਨੂੰ।' ਲੀਲਾ ਨੇ ਸੰਸੇ ਜਿਹੇ ਨਾਲ ਆਖਿਆ ਸੀ।

'ਲੰਮੀ ਉਮਰ! ਵੀਰ ਦੀ ਲੰਮੀ ਉਮਰ! ਕੀ ਸੁੱਖਾਂ ਸੁੱਖਦੀ ਐ ਭੈਣ।' ਆਖ ਉਸ ਮਸੋਸੇ ਜਿਹੇ ਸ਼ਬਦ ਮੂੰਹੋਂ ਕੱਢ ਦਿੱਤੇ ਸਨ।

'ਪਰ ਅੱਜ ਤੂੰ ਅਚਾਨਕ ਆ ਕਿਵੇਂ ਬਹੁੜੀ?' ਉਸ ਫੇਰ ਪੁੱਛ ਲਿਆ ਸੀ।

ਇਸ ਪ੍ਰਸ਼ਨ 'ਤੇ ਲੀਲਾ ਡੂੰਘੀ ਸੋਚ 'ਚ ਲੱਥ ਗਈ ਸੀ। ਥੋੜ੍ਹੀ ਦੇਰ ਚੁੱਪ ਰਹਿਣ ਤੋਂ ਬਾਅਦ ਉਹ ਬੋਲੀ, 'ਐਵੇਂ ਮਨ ਉਠਿਆ ਪਿਆ ਸੀ। ਭਾਪਾ ਬੀਬੀ ਯਾਦ ਆਗੇ ਸੀ। ਤੇਰੀ ਸ਼ਕਲ ਅੱਖਾਂ ਮੂਹਰੇ ਘੁੰਮਣ ਲੱਗ ਪਈ। ਬੱਸ ਝੋਲਾ ਲੈ ਕੇ ਤੁਰ ਪਈ। ਮਨ ਕਾਹਲਾ ਜਿਹਾ ਪਿਆ ਹੋਇਆ ਸੀ।'

'ਚੱਲ ਆਪਣੇ ਘਰ ਆਗੀ ਐਂ। ਕਿਹੜਾ ਕਿਸੇ ਬਗਾਨੇ ਘਰ ਜਾਣਾ ਸੀ।' ਗੋਗੀ ਨੇ ਕਹਿ ਦਿੱਤਾ ਸੀ।

'ਆਪਣੇ ਬਗਾਨੇ ਦਾ ਬਹੁਤਾ ਫਰਕ ਨੀਂ ਰਹਿ ਗਿਆ ਵੀਰ। ਬਹੁਤਾ ਆਪਣਾ ਵੀ ਕਈ ਵਾਰ ਬਗਾਨਾ ਲੱਗਣ ਲੱਗ ਪੈਂਦੈ। ਹੱਕ ਸਮਝੋ ਤਾਂ ਸਭ ਕੁਝ ਆਪਣਾ-ਆਪਣਾ ਲੱਗਦੈ। ਨਹੀਂ ਤਾਂ ਫੇਰ ਆਪਣਾ ਵੀ ਬਗਾਨਾ ਲੱਗਣ ਲੱਗ ਜਾਂਦਾ।' ਲੀਲਾ ਨੇ ਮਨ ਦੀ ਗੱਲ ਆਖ ਦਿੱਤੀ।

ਕੁਝ ਦੇਰ ਮੁੜ ਦੋਵਾਂ ਵਿਚਕਾਰ ਚੁੱਪ ਤਣੀ ਰਹੀ ਸੀ। ਦੋਵੇਂ ਜਿਵੇਂ ਆਪੋ ਆਪਣੇ ਮਨ ਦੀ ਵਿਥਿਆ ਕੱਢਣ ਲਈ ਵਿਉਂਤਬੰਦੀ ਕਰ ਰਹੇ ਹੋਣ।

'ਸੁਣਿਆ ਸੀ ਬਈ ਜੀਜਾ ਆਖਰੀ ਦਿਨਾਂ ਵਿੱਚ ਸ਼ਰਾਬ ਬਹੁਤ ਪੀਣ ਲੱਗ ਗਿਆ ਸੀ?' ਗੋਗੀ ਨੇ ਜਿਵੇਂ ਅਚਾਨਕ ਵਿਸਫੋਟ ਕਰ ਦਿੱਤਾ ਹੋਵੇ। ਆਪਣੇ ਮੋਏ ਪਤੀ ਦਾ ਜ਼ਿਕਰ ਸੁਣਦਿਆਂ ਲੀਲਾ ਦੀਆਂ ਅੱਖਾਂ ਵਿੱਚ ਇਕਦਮ ਪਾਣੀ ਛਲਕਣ ਲੱਗ ਪਿਆ। ਹਉਕਾ ਜਿਹਾ ਲੈ ਕੇ ਲੀਲਾ ਬੋਲੀ, 'ਵੇ ਸ਼ਰਾਬ ਸ਼ਰੂਬ ਕਿਹੜੀ ਪੀਂਦਾ ਸੀ ਉਹ। ਲੋਕ ਐਵੇਂ ਰਾਈ ਦਾ ਪਹਾੜ ਬਣਾ ਛੱਡਦੇ ਆ। ਬੰਦੇ ਕੋਲ ਪੈਸਾ ਹੋਵੇ ਤਾਂ ਮਾੜੀ ਮੋਟੀ ਐਸ਼ ਪ੍ਰਸਤੀ ਆ ਜਾਂਦੀ ਐ। ਉਂਜ ਤੇਰੇ ਭਾਣਜਿਆਂ ਨੇ ਬਿਜ਼ਨਸ 'ਤੇ ਕਬਜ਼ਾ ਕਰਕੇ ਉਸ ਨੂੰ ਹੱਥਲ ਜਿਹਾ ਕਰਤਾ ਸੀ। ਜਦੋਂ ਬਣਦੇ ਤਣਦੇ ਬੰਦੇ ਦੀ ਪੁੱਛ ਪੜਤਾਲ ਈ ਨਾ ਰਹੇ ਤਾਂ ਚੰਗਾ ਭਲਾ ਬੰਦਾ ਅੱਕੀਂ ਪਲਾਹੀਂ ਹੱਥ ਮਾਰਨ ਲੱਗ ਜਾਂਦਾ। ਬਸ ਇਹੀ ਕਾਣਤ ਤੇਰੇ ਜੀਜਾ ਜੀ ਨੂੰ ਲੱਗੀ। ਉਂ ਨਰ ਬੰਦਾ ਸੀ ਤੇਰਾ ਜੀਜਾ ਜੀ।' ਲੀਲਾ ਦਾ ਤਾਂ ਜਿਵੇਂ ਕੜ ਹੀ ਟੁੱਟ ਪਿਆ ਸੀ।

'ਲੈ ਭੈਣ ਤੂੰ ਤਾਂ ਐਵੇਂ ਪੋਚੇ ਮਾਰਦੀ ਐਂ। ਮੇਰੇ ਵਿਆਹ ਵੇਲੇ ਜੀਜੇ ਨੇ ਸ਼ਰਾਬ ਪੀ ਕੇ ਥੋੜ੍ਹੀ ਖੜਦੂੰਬ ਮਚਾਈ ਸੀ। ਥੋੜ੍ਹਾ ਝੱਜੂ ਪਾਇਆ ਸੀ। ਇਕ-ਇਕ ਭਾਂਡਾ-ਟੀਂਡਾ ਭੰਨ ਸਿੱਟਿਆ ਸੀ।' ਗੋਗੀ ਨੇ ਚਿਤਾਰਦਿਆਂ ਕਹਿ ਦਿੱਤਾ ਸੀ।

ਆਪਣੇ ਮੋਏ ਪਤੀ ਦੀ ਬਦਖੋਈ ਸੁਣਦਿਆਂ ਲੀਲਾ ਹਿੰਜਰ ਕੇ ਪਈ ਸੀ। ਰੋਸੇ ਜਿਹੇ ਨਾਲ ਕਹਿਣ ਲੱਗੀ, 'ਲੈ ਸੁਣ ਲੈ ਫੇਰ। ਤੇਰਾ ਜੀਜਾ ਜੀ ਤੈਨੂੰ ਮੋਹ ਈ ਬਹੁਤ ਕਰਦਾ ਸੀ। ਵਿਆਹ ਸ਼ਾਦੀਆਂ 'ਚ ਜੀਜੇ ਉਈਂ ਲਾਚੜ ਜਾਂਦੇ ਹੁੰਦੇ ਐ। ਥੋੜ੍ਹਾ ਬਹੁਤ ਖੜਕਾ ਦੜਕਾ ਨਾ ਕਰਨ ਤਾਂ ਉਨ੍ਹਾਂ ਨੂੰ ਜਵਾਈ ਕੌਣ ਮੰਨਦੈ। ਵਿਆਹ ਸ਼ਾਦੀ ਤਾਂ ਖੁਸ਼ੀ ਦਾ ਮੌਕਾ ਹੁੰਦੈ, ਇਹੋ ਜਿਹੇ ਵੇਲੇ ਤਾਂ ਜਵਾਈ ਉਈ ਸਵਾ ਸੇਰ ਦਾ ਬਣਿਆ ਹੁੰਦਾ।'

ਥੋੜ੍ਹੀ ਦੇਰ ਫੇਰ ਚੁੱਪ ਛਾਈ ਰਹੀ ਸੀ। ਅਚਾਨਕ ਗੋਗੀ ਫੇਰ ਬੋਲਿਆ ਸੀ,'ਭੈਣ ਸਾਡੇ ਭਾਣਜੇ ਤੇਰਾ ਆਦਰ ਮਾਣ ਕਰਦੇ ਐ ਕਿ..?'

ਇਨ੍ਹਾਂ ਚਾਰ ਸ਼ਬਦਾਂ ਨੇ ਜਿਵੇਂ ਲੀਲਾ ਦਾ ਸੀਨਾ ਉਧੇੜ ਸੁੱਟਿਆ ਹੋਵੇ। ਜਿਵੇਂ ਦੱਬੀ ਅੱਗ ਮੁੜ ਸੁਲਗ ਪਈ ਹੋਵੇ। ਰੋਂਦੂ ਜਿਹੀ ਆਵਾਜ਼ 'ਚ ਕਹਿਣ ਲੱਗੀ, 'ਵੀਰ ਤੇਰੇ ਜੀਜਾ ਜੀ ਵੇਲੇ ਦਾ ਸਮਾਂ ਮੁੜ ਕਿੱਥੇ ਆਉਣੈਂ। ਉਨ੍ਹਾਂ ਵੇਲੇ ਮੈਂ ਸੱਚੀਂ ਰਾਜ ਭੋਗਿਆ ਸੀ। ਸੁਰਗਾਂ 'ਚ ਵਾਸਾ ਹੋਵੇ ਉਸ ਬੰਦੇ ਦਾ, ਮੇਰਾ ਇਕ-ਇਕ ਬੋਲ ਪੁਗਾਉਂਦਾ ਸੀ। ਮੈਂ ਰਾਣੀ ਸੀ ਉਹਦੇ ਰਾਜ 'ਚ। ਮੂੰਹੋਂ ਗੱਲ ਕੱਢੀਦੀ ਪਿੱਛੋਂ ਸੀ, ਪੂਰੀ ਪਹਿਲਾਂ ਕਰਦੇ ਸੀ।' ਲੀਲਾ ਤਾਂ ਬੋਲਦੀ-ਬੋਲਦੀ ਜਿਵੇਂ ਸੱਚਮੁੱਚ ਆਪਣੇ ਅਤੀਤ ਦਾ ਆਨੰਦ ਲੈਣ ਲੱਗ ਪਈ ਸੀ।

'ਮੈਂ ਤਾਂ ਭਾਣਜਿਆਂ ਬਾਰੇ ਪੁੱਛਿਆ ਸੀ ਭੈਣ?' ਗੋਗੀ ਨੇ ਆਪਣੀ ਗੱਲ ਦੁਹਰਾਉਂਦਿਆਂ ਪੁੱਛਿਆ ਸੀ।

'ਜਦੋਂ ਨਿੱਕੀ-ਨਿੱਕੀ ਗੱਲ ਲਈ ਕਿਸੇ ਅੱਗੇ ਹੱਥ ਅੱਡਣਾ ਪਵੇ ਤਾਂ ਉਸ ਬੰਦੇ ਦੀ ਹਾਲਤ ਨੂੰ ਸਮਝਦਾ ਹੀ ਹੋਵੇਂਗਾ। ਤੇਰੇ ਜੀਜਾ ਜੀ ਦੇ ਜਾਂਦਿਆਂ ਹੀ ਮੈਂ ਪਟਰਾਣੀ ਤੋਂ ਭਿਖਾਰੀ ਬਣ ਗਈ ਆਂ। ਨੂੰਹਾਂ ਕਿਤੇ ਧੀਆਂ ਬਣਦੀਆਂ? ਅੱਜ ਤਾਂ ਟੈਮ ਪਾਸ ਐ। ਥੋੜ੍ਹਾ ਕਰ ਲਾਂ ਭਾਵੇਂ ਬਹੁਤਾ ਕਰ ਲਾਂ। ਬੱਸ ਮੌਤ ਨੂੰ ਉਡੀਕੀ ਜਾਂਦੀ ਆਂ। ਪਰ ਮੰਗਿਆਂ ਤਾਂ ਮੌਤ ਵੀ ਨੀਂ ਮਿਲਦੀ ਹੁੰਦੀ।' ਬੋਲਦਿਆਂ-ਬੋਲਦਿਆਂ ਲੀਲਾ ਰੋਣਹਾਕੀ ਹੋ ਗਈ ਸੀ।

ਥੋੜ੍ਹੀ ਦੇਰ ਚੁੱਪ ਰਹਿਣ ਬਾਅਦ ਦੋਵੇਂ ਭੈਣ ਭਰਾ ਜਿਵੇਂ ਆਪਣੀ-ਆਪਣੀ ਚੀਸ 'ਤੇ ਹੱਥ ਧਰਨ ਲਈ ਕਾਹਲੇ ਪੈ ਗਏ ਹੋਣ। ਇਕ ਜਣਾ ਕੋਈ ਗੱਲ ਕਹਿੰਦਾ ਤਾਂ ਦੂਸਰਾ ਉਸ ਦੀ ਗੱਲ ਨੂੰ ਵਿਚੇ ਕੱਟਦਿਆਂ ਕਹਿ ਦਿੰਦਾ, 'ਤੂੰ ਪਹਿਲਾਂ ਮੇਰੀ ਗੱਲ ਸੁਣ।' ਅਗਲਾ ਕਹਿੰਦਾ, 'ਨਹੀਂ, ਨਹੀਂ, ਪਹਿਲਾਂ ਮੈਨੂੰ ਗੱਲ ਪੂਰੀ ਕਰ ਲੈਣ ਦੇ।' ਇਉਂ ਝਪਟੋ ਝਪਟੀ 'ਚ ਆਪਣਾ ਭੂਤ, ਵਰਤਮਾਨ ਫੋਲਣ ਲੱਗ ਪਏ ਤੇ ਭਵਿੱਖ ਦੀ ਚਿੰਤਾ ਵਿੱਚ ਗਲ-ਗਲ ਡੁੱਬਦੇ ਜਾ ਰਹੇ ਸਨ। ਦੋਵੇਂ ਆਪਣਾ-ਆਪਣਾ ਦੁੱਖ ਵੱਡਾ ਕਰਕੇ ਦਿਖਾਉਣ ਦੇ ਯਤਨ ਵਿੱਚ ਸਨ। ਗੋਗੀ ਬੋਲਿਆ, 'ਮੈਂ ਫੈਸਲਾ ਕਰ ਲਿਐ ਕਿ ਆਪਣੇ ਪੈਰਾਂ 'ਤੇ ਆਪ ਖਲੋਣ ਦੀ ਕੋਸ਼ਿਸ਼ ਕਰਾਂ। ਕਿਸੇ ਆਸਰੇ ਵੱਲ ਨਾ ਝਾਕਾਂ। ਪੈਨਸ਼ਨ ਮਿਲਦੀ ਐ। ਬਸ ਗੁਜ਼ਾਰਾ ਹੋਈ ਜਾਣੈ।'

ਅਜੇ ਗੱਲ ਉਸ ਦੇ ਮੂੰਹ 'ਚ ਹੀ ਸੀ ਕਿ ਲੀਲਾ ਬੋਲ ਪਈ, 'ਮੈਂ ਕੀਹਦੇ ਆਸਰੇ ਖਲੋਣ ਦੀ ਕੋਸ਼ਿਸ਼ ਕਰਾਂ। ਮੇਰੇ ਤਾਂ ਪੈਰਾਂ ਹੇਠ ਜ਼ਮੀਨ ਈ ਨੀਂ ਰਹੀ। ਤੇਰੇ ਭਾਣਜਿਆਂ ਨੇ ਤਾਂ ਮੇਰੇ ਪੈਰਾਂ ਹੇਠੋਂ ਜ਼ਮੀਨ ਈ ਖਿੱਚ ਲਈ ਐ।'

'ਮੈਂ ਵੀ ਤਾਂ ਕੱਲਾਕਾਰਾ ਆਂ। ਮੇਰਾ ਤਾਂ ਟੈਮ ਈ ਨੀਂ ਲੰਘਦਾ। ਮੈਨੂੰ ਤਾਂ ਇਕੱਲ ਈ ਤੋੜ-ਤੋੜ ਖਾਈ ਜਾਂਦੀ ਐ।' ਗੋਗੀ ਬੋਲਿਆ ਸੀ।

'ਚੱਲ ਤੇਰਾ ਤਾਂ ਟੱਬਰ ਦੂਰ ਰਹਿੰਦੈ। ਤੇਰੀ ਮਜਬੂਰੀ ਸਮਝ ਆਉਂਦੀ ਐ। ਮੈਂ ਕਿਹੜੇ ਖੂਹ 'ਚ ਜਾ ਕੇ ਡੁੱਬਾਂ। ਮੈਂ ਭੀੜ 'ਚ ਵੀ 'ਕੱਲੀ ਆਂ। ਲੂੰਗ-ਲਾਣੇ ਦੇ ਹੁੰਦਿਆਂ ਸੁੰਦਿਆਂ ਮੇਰੀ ਕੋਈ ਬਾਤ ਨੀਂ ਪੁੱਛਣ ਵਾਲਾ।' ਲੀਲਾ ਨੇ ਤੜਫਦੇ ਬੋਲ ਕੱਢੇ ਸਨ।

'ਜਦੋਂ ਤਾਕਤ ਨਾ ਰਹੇ ਤਾਂ ਹਲੀਮੀ ਵਰਤਣੀ ਚਾਹੀਦੀ ਐ। ਪਹਿਲਾਂ ਵਾਲੇ ਸਮੇਂ ਤਾਂ ਮੁੜ ਆਉਣੋਂ ਰਹੇ। ਹੱਕ ਵੀ ਤਾਕਤ ਨਾਲ ਈ ਮਿਲਦਾ ਹੁੰਦੈ। ਹੁਣ ਤਾਕਤ ਭਾਣਜਿਆਂ ਹੱਥ ਐ। ਉਨ੍ਹਾਂ ਮੁਤਾਬਕ ਹੀ ਰਹਿਣਾ ਪੈਣੈ।' ਗੋਗੀ ਦੇ ਸ਼ਬਦ ਭੈਣ ਦੇ ਦੁੱਖ ਨੂੰ ਪਲੋਸਣਾ ਚਾਹ ਰਹੇ ਸਨ।

'ਗੱਲ ਤਾਂ ਤੇਰੀ ਸੋਲ੍ਹਾਂ ਆਨੇ ਸਹੀ ਐ। ਪਰ ਨਵੀਆਂ ਆਦਤਾਂ ਪਾਉਣੀਆਂ ਕਿਹੜਾ ਸੌਖੀਆਂ ਨੇ। ਆਪਣੇ ਈ ਘਰ 'ਚ ਬੰਦਾ ਮੰਗਤਾ ਜਿਹਾ ਬਣ ਕੇ ਕਿਵੇਂ ਫਿਰਦਾ ਰਵ੍ਹੇ?' ਲੀਲਾ ਨੇ ਤਰਲਾ ਜਿਹਾ ਲੈਂਦਿਆਂ ਕਹਿ ਦਿੱਤਾ ਸੀ।

'ਖਾਣਾ ਮੰਗਵਾਉਂਦੇ ਆਂ। ਮੈਂ ਟਿਫਿਨ ਵਾਲਿਆਂ ਨੂੰ ਇਕ ਹੋਰ ਟਿਫਿਨ ਭੇਜਣ ਲਈ ਫੋਨ ਕਰ ਦਿੰਨਾਂ।' ਅਚਾਨਕ ਗੋਗੀ ਨੇ ਕਹਿ ਦਿੱਤਾ ਸੀ।

'ਨਹੀਂ, ਨਹੀਂ, ਮੈਂ ਵਾਪਸ ਮੁੜ ਜਾਣੈਂ। ਮੇਰਾ ਤਾਂ ਚਿੱਤ ਉਠਿਆ ਪਿਆ ਸੀ। ਆਪਣੇ ਮਾਂ ਜਾਏ ਨੂੰ ਦੇਖ ਕੇ ਕਲੇਜੇ ਠੰਢ ਪੈ ਗਈ ਐ। ਜੁਆਕ ਵੀ ਮੈਨੂੰ ਉਡੀਕਦੇ ਹੋਣੇ। ਉਨ੍ਹਾਂ ਨੂੰ ਨੀ ਮੈਂ ਦੱਸ ਕੇ ਨੀਂ ਆਈ। ਫਿਕਰ ਕਰਨਗੇ।' ਆਖ ਉਸ ਜਾਣ ਲਈ ਆਪਣਾ ਝੋਲਾ ਚੁੱਕ ਲਿਆ ਸੀ।

'ਕੋਈ ਨਾ, ਕੋਈ ਨਾ। ਖਾਣਾ ਖਾ ਕੇ ਚਲੀ ਜਾਈਂ।' ਗੋਗੀ ਨੇ ਆਖਿਆ।

'ਖਾਣੇ ਨੂੰ ਕੀ ਐ, ਆਹ ਤਾਂ ਜਾਣੈਂ।' ਲੀਲਾ ਜਾਣ ਲਈ ਕਾਹਲੀ ਪੈ ਗਈ ਸੀ।

'ਮੈਂ ਤਾਂ ਆਪ ਸੋਚਦੈਂ ਬੰਗਲੌਰ ਤੇਰੇ ਭਤੀਜੇ ਕੋਲ ਈ ਚਲਾ ਜਾਵਾਂ। ਫੋਨ 'ਤੇ ਫੋਨ ਆਈ ਜਾਂਦੇ ਐ। ਆਪਣਾ ਮਾਰੂ ਵੀ ਤਾਂ ਛਾਵੇਂ ਈ ਸਿੱਟੂ।' ਗੋਗੀ ਨੇ ਵੀ ਕਹਿ ਦਿੱਤਾ ਸੀ।

ਪਤਾ ਨਹੀਂ ਸੀ ਲੱਗ ਰਿਹਾ ਕਿ ਉਨ੍ਹਾਂ ਦੋਵਾਂ ਵਿੱਚੋਂ ਸੱਚ ਕੌਣ ਬੋਲ ਰਿਹਾ ਸੀ ਤੇ ਕੀਹਦਾ ਦੁੱਖ ਵੱਡਾ ਸੀ।

'ਕਿੱਥੇ ਗਈਆਂ ਉਮਰਾਂ?' ਅਚਾਨਕ ਲੀਲਾ ਮੂੰਹੋਂ ਨਿਕਲ ਗਿਆ ਸੀ ਤੇ ਇਕ ਤੱਤਾ ਜਿਹਾ ਹਉਕਾ, ਉਸ ਦੀ ਛਾਤੀ 'ਚੋਂ ਨਿਕਲ ਕੇ, ਪੂਰੇ ਵਿਹੜੇ ਵਿੱਚ ਫੈਲ ਗਿਆ ਸੀ।

# ਅੱਜ ਕੱਲ੍ਹ ਪਹਿਲਾਂ ਵਾਂਗ ਸਾਉਣ ਮਹੀਨੇ ਖੀਰ ਪੂੜੇ ਨਹੀਂ ਪੱਕਦੇ



-ਕਮਲ ਬਰਾੜ-

ਬਚਪਨ ਆਪਣੇ ਨਾਲ ਬਹੁਤ ਕੁਝ ਲੈ ਜਾਂਦਾ ਹੈ। ਅੱਜਕੱਲ੍ਹ ਲੋਕਾਂ ਵਿੱਚ ਪਹਿਲਾਂ ਵਾਂਗ ਸਾਉਣ ਮਹੀਨੇ ਦਾ ਬਿਲਕੁਲ ਚਾਅ ਨਹੀਂ ਰਿਹਾ। ਪਹਿਲਾਂ ਲੋਕ ਸਾਉਣ ਮਹੀਨਾ ਆਉਣ ਉਤੇ ਤਰ੍ਹਾਂ ਤਰ੍ਹਾਂ ਦੇ ਪਕਵਾਨ ਬਣਾਉਂਦੇ ਸਨ, ਜਿਨ੍ਹਾਂ ਵਿੱਚ ਇੱਕ ਪਕਵਾਨ ਬਹੁਤ ਮਸ਼ਹੂਰ ਸੀ। ਉਹ ਪਕਵਾਨ ਹੈ ਖੀਰ ਪੂੜੇ। ਸਾਡਾ ਸਾਰਾ ਪਰਵਾਰ ਸ਼ੁਰੂ ਤੋਂ ਖਾਣ ਪੀਣ ਦਾ ਬਹੁਤ ਸ਼ੌਕੀਨ ਹੈ। ਬਹੁਤ ਸਾਰੇ ਪਕਵਾਨ ਅਜਿਹੇ ਹਨ ਜਿਹੜੇ ਵਿਸ਼ੇਸ਼ ਮਹੀਨੇ ਵਿੱਚ ਬਣਾਏ ਜਾਂਦੇ ਹਨ। ਖੀਰ ਪੂੜੇ ਸਾਉਣ ਦੇ ਮਹੀਨੇ ਵਿੱਚ ਬਣਾਏ ਜਾਂਦੇ ਹਨ। ਬਚਪਨ ਵਿੱਚ ਜਦ ਸਾਉਣ ਦੇ ਮਹੀਨੇ ਬਰਸਾਤ ਦੀ ਝੜੀ ਲੱਗ ਜਾਣੀ ਤਾਂ ਅਸੀਂ ਝੱਟ ਦਾਦੀ ਨੂੰ ਮਾਲ ਪੂੜੇ ਬਣਾਉਣ ਲਈ ਮਨ੍ਹਾ ਲੈਣਾ। ਅੱਗੋਂ ਦਾਦੀ ਨੇ ਖਿੜੇ ਮੱਥੇ ਸਾਨੂੰ ਕਹਿ ਦੇਣਾ, 'ਪਕਾ ਦਊਂ ਇੱਕ ਸ਼ਰਤ ਤੇ ਕਿ ਮੇਰੇ ਕੋਲ ਸਾਮਾਨ ਲਿਆਈ ਚਲਿਉ, ਜੋ ਮੈਂ ਮੰਗਵਾਈ ਜਾਊਂ।' ਦਾਦੀ ਨੇ ਚੁੱਲ੍ਹੇ ਵਿੱਚ ਅੱਗ ਬਾਲਣੀ ਤੇ ਆਪ ਪੀੜ੍ਹੀ ਉਤੇ ਬਹਿ ਜਾਣਾ ਤੇ ਸਾਡੇ ਤੋਂ ਸਾਮਾਨ ਮੰਗਵਾਈ ਜਾਣਾ। ਇਸ ਤੋਂ ਬਾਅਦ ਦਾਦੀ ਨੇ ਚੁੱਲ੍ਹੇ ਉਤੇ ਤਵਾ ਧਰ ਲੈਣਾ। ਬਾਲਟੀ ਵਿੱਚ ਪਾਣੀ ਤੇ ਗੁੜ ਘੋਲ ਕੇ ਪੂੜਿਆਂ ਵਾਲਾ ਪਤਲਾ ਜਿਹਾ ਆਟਾ ਤਿਆਰ ਕਰ ਲੈਣਾ ਤੇ ਕਿਸੇ ਛੋਟੇ ਜਿਹੇ ਭਾਂਡੇ ਨਾਲ ਘੋਲ ਕੇ ਤਵਿਆਂ ਉਤੇ ਪਾਈ ਜਾਣਾ ਤੇ ਪਿੱਪਲ ਦੇ ਪੱਤੇ ਨਾਲ ਖਿਲਾਰ ਕੇ ਤਵੇ ਦੇ ਸਾਈਜ਼ ਦਾ ਪੂੜਾ ਬਣਾ ਕੇ ਖੁਰਚਣੇ ਨਾਲ ਥੱਲ ਦੇਣਾ। ਮਾਲ੍ਹ ਦਾਦੀ ਨੇ ਕੜ੍ਹਾਈ ਵਿੱਚ ਹੀ ਪਕਾ ਦੇਣੇ। ਮਾਲ੍ਹ ਛੋਟੇ ਹੁੰਦੇ ਸਨ ਜਦ ਕਿ ਪੂੜੇ ਵੱਡੇ ਆਕਾਰ ਦੇ ਹੁੰਦੇ ਸਨ।

ਉਨ੍ਹਾਂ ਸਮਿਆਂ ਵਿੱਚ ਸਾਡੇ ਘਰ ਇੱਕ ਪੁਰਾਣੀ ਰਸੋਈ ਹੁੰਦੀ ਸੀ ਤੇ ਉਸ ਦੀ ਨੁੱਕਰ ਦੇ ਇੱਕ ਪਾਸੇ ਹਾਰੇ ਬਣੇ ਹੁੰਦੇ ਸਨ, ਜਿਸ ਵਿੱਚ ਤੌੜੀ ਧਰੀ ਹੁੰਦੀ। ਉਸ ਵਿੱਚ ਦਾਦੀ ਨੇ ਖੀਰ ਬਣਾ ਲੈਣੀ। ਦਾਦੀ ਸਾਰਾ ਦਿਨ ਅੱਗ ਦੇ ਸੇਕ ਵਿੱਚ ਬੈਠੀ ਰਹਿੰਦੀ। ਦਾਦੀ ਨੇ ਨਾ ਅੱਕਣਾ ਨਾ ਥੱਕਣਾ ਤੇ ਸਾਰਾ-ਸਾਰਾ ਦਿਨ ਪੂੜੇ ਬਣਾਈ ਜਾਣੇ। ਪੂੜਿਆਂ ਦੀ ਟੋਕਰੀ ਭਰ ਕੇ ਦਾਦੀ ਨੇ ਰੱਖ ਦੇਣੀ। ਉਨ੍ਹਾਂ ਸਮਿਆਂ ਵਿੱਚ ਸਾਰੇ ਇਕੱਠੇ ਹੁੰਦੇ ਸਨ ਤੇ ਪਰਵਾਰ ਵੀ ਵੱਡੇ ਹੁੰਦੇ ਸਨ। ਇਸੇ ਤਰ੍ਹਾਂ ਸਾਡਾ ਪਰਵਾਰ ਵੀ ਵੱਡਾ ਸੀ, ਜਿਸ ਕਰ ਕੇ ਦਾਦੀ ਪੂੜੇ ਖੁੱਲ੍ਹੇ ਬਣਾਉਂਦੀ ਤੇ ਅਸੀਂ ਦੋ-ਤਿੰਨ ਪੂੜੇ ਖਾਈ ਜਾਣੇ ਤੇ ਦਾਦੀ ਨੇ ਸਾਨੂੰ ਕਹਿਣਾ, "ਗੁਆਂਢ ਵਿੱਚ ਵੀ ਫੜਾ ਆਓ, ਕਿਸੇ ਭੋਲੇ ਪੰਛੀ ਦੇ ਮੂੰਹ ਵਿੱਚ ਪੈ ਜਾਣਗੇ।"

ਦਾਦੀ ਨੇ ਸਾਨੂੰ ਦੱਸਿਆ ਕਿ ਖੀਰ-ਪੂੜੇ, ਕੜਾਹ ਆਦਿ ਸਾਉਣ ਦੇ ਮਹੀਨੇ ਵਿੱਚ ਖਾਣ ਨੂੰ ਮਿਲਦੇ ਹਨ। ਸਾਉਣ ਦੇ ਮਹੀਨੇ ਖੀਰ ਨਾਲ ਪੂੜੇ ਬਣਾਉਣ ਦਾ ਵਿਸ਼ੇਸ਼ ਰਿਵਾਜ ਹੈ। ਦਾਦੀ ਕਹਾਵਤ ਸੁਣਾਉਂਦੀ ਹੁੰਦੀ ਸੀ ਕਿ 'ਹੋਵੇ ਤੇਲ ਪਕਾਈਏ ਪੂੜੇ, ਆਟਾ ਲਿਆਈਏ ਮੰਗ ਕੇ, ਕਜ਼ੀਆ ਗੁੜ ਦਾ।' ਸਾਨੂੰ ਕੁਝ ਨਾ ਸਮਝ ਆਉਣਾ ਤਾਂ ਦਾਦੀ ਨੇ ਝੱਟ ਦੱਸਣਾ ਕਿ ਪੁੱਤਰ ਪੁਰਾਣੇ ਸਮਿਆਂ ਵਿੱਚ ਕਿਹੜਾ ਬੋਰਵੈਲ ਹੁੰਦੇ ਸੀ, ਖੇਤਾਂ ਨੂੰ ਸਿਰਫ ਮੀਂਹ ਦਾ ਆਸਰਾ ਹੁੰਦਾ ਸੀ ਤੇ ਮੀਂਹ ਨਾਲ ਖੇਤੀ ਹੁੰਦੀ ਸੀ। ਓਦੋਂ ਜੇ ਮੀਂਹ ਪੈ ਜਾਂਦਾ ਤਾਂ ਦੋ ਮਣ ਦਾਣੇ ਖਾਣ ਲਈ ਹੋ ਜਾਂਦੇ, ਨਹੀਂ ਤਾਂ ਬੱਸ ਥੋੜ੍ਹੀ ਜ਼ਮੀਨ ਹੀ ਆਬਾਦ ਹੋਣ ਕਾਰਨ ਲੋਕਾਂ ਦਾ ਮਸਾਂ ਗੁਜ਼ਾਰਾ ਹੁੰਦਾ ਸੀ। ਇਸ ਲਈ ਕਈ ਪਰਵਾਰਾਂ ਦੀ ਪੂੜੇ ਬਣਾਉਣ ਦੀ ਸਮਰੱਥਾ ਵੀ ਨਹੀਂ ਹੁੰਦੀ ਸੀ।


ਅੱਜ ਮੈਨੂੰ ਉਹ ਕਹਾਵਤ ਸਮਝ ਆਉਂਦੀ ਹੈ ਤੇ ਮੈਂ ਸੋਚਦਾਂ ਅੱਜ ਤਾਂ ਸੁੱਖ ਨਾਲ ਹਰ ਘਰ ਟਿਊਬਵੈਲ ਨੇ, ਜ਼ਮੀਨਾਂ ਆਬਾਦੀ ਨੇ ਤੇ ਸੌ-ਸੌ ਮਣ ਦਾਣੇ ਹੁੰਦੇ ਨੇ। ਅੱਜ ਲੋਕਾਂ ਕੋਲ ਕਿਸੇ ਚੀਜ਼ ਦੀ ਥੁੜ੍ਹ ਨਹੀਂ, ਫਿਰ ਲੋਕਾਂ ਦੇ ਘਰ ਪੂੜੇ ਕਿਉਂ ਨਹੀਂ ਬਣਦੇ? ਜ਼ਿੰਦਗੀ ਦੇ ਅਖੀਰਲੇ ਪੜਾਅ ਵਿੱਚੋਂ ਲੰਘਦੀ ਦਾਦੀ ਨੂੰ ਮੈਂ ਇਹ ਪੁੱਛਿਆ ਤਾਂ ਦਾਦੀ ਨੇ ਬੜੀ ਲਿਆਕਤ ਨਾਲ ਜਵਾਬ ਦਿੱਤਾ ਤੇ ਅੱਖਾਂ ਭਰ ਲਈਆਂ। ਉਨ੍ਹਾਂ ਕਿਹਾ, "ਪੁੱਤਰ ਅੱਜ ਲੋਕਾਂ ਵਿੱਚ ਪਹਿਲਾਂ ਵਾਂਗ ਅਪਣੱਤ, ਮੋਹ ਪਿਆਰ ਤੇ ਸਬਰ, ਲਿਆਕਤ ਨਹੀਂ ਰਹੇ। ਅੱਜ ਦੇ ਲੋਕਾਂ ਦੀ ਸਬਰ ਸੌ ਮਣ ਦਾਣਿਆ ਨਾਲ ਵੀ ਪੂਰੀ ਨਹੀਂ ਹੋਣੀ।" ਦਾਦੀ ਦੀਆਂ ਇਨ੍ਹਾਂ ਗੱਲਾਂ ਦਾ ਕੋਈ ਤੋੜ ਨਹੀਂ ਸੀ। ਅਨਪੜ੍ਹ ਦਾਦੀ ਅੱਗੇ ਮੇਰੀਆਂ ਕੀਤੀਆਂ ਡਿਗਰੀਆਂ ਦੀ ਪੜ੍ਹਾਈ ਵੀ ਜਵਾਬ ਦੇਣ ਤੋਂ ਅਸਮਰਥ ਸੀ। ਦਾਦੀ ਨੇ ਦੱਸਣਾ ਪੁੱਤਰ ਪਹਿਲਾਂ ਘਰ ਆਏ ਮਹਿਮਾਨਾਂ ਨੂੰ ਖਾਸ ਤੌਰ 'ਤੇ ਪੂੜੇ ਬਣਾਏ ਕੇ ਖਵਾਏ ਜਾਂਦੇ ਸਨ। ਅੱਜ ਗੈਸ 'ਤੇ ਬਣਦੇ ਨਿਊਡਲਜ਼, ਮੈਗੀਆਂ ਦਾਦੀ ਦੇ ਚੁੱਲ੍ਹੇ 'ਤੇ ਬਣੇ ਪੂੜਿਆਂ ਦਾ ਸਵਾਦ ਨਹੀਂ ਦਿੰਦੇ।

ਅੱਜ ਦਾਦੀ ਦੀ ਪੂੜੇ ਨਾ ਖਾਣ ਅਤੇ ਉਹ ਕਹੀ ਗੱਲ ਯਾਦ ਆਉਂਦੀ ਏ ਕਿ ਸਾਉਣ ਖੀਰ ਨਾ ਖਾਧੀਆ, ਤੂੰ ਕਿਉਂ ਜੰਮਿਉਂ ਅਪਰਾਧੀਆ? ਅੱਜ ਸੱਚੀ ਮਹਿਸੂਸ ਹੁੰਦਾ ਏ ਕਿ ਅਸੀਂ ਅਪਰਾਧੀਆਂ ਦੀ ਸ਼੍ਰੇਣੀ ਵਿੱਚ ਆ ਗਏ ਹਾਂ ਤੇ ਸਾਡਾ ਜੁਰਮ ਆਪਣੇ ਵਿਰਸੇ ਨਾਲੋਂ ਟੁੱਟ ਜਾਣਾ ਹੈ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

Sant Rampal Ji Maharaj Spiritual Discourse in Brampton on Sunday, September 1, 2019 from 10 am to 12pm




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Residential | Commercial | Investment

Jagdish Grewal
Sales Representative



(416) 970-5005

Century 21 President Realty Inc Brokerage

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਸਾਡੀ ਨੈਤਿਕਤਾ ਪ੍ਰਤੀ ਜ਼ਿੰਮੇਵਾਰੀ

-ਗੁਰਦੀਪ ਸਿੰਘ

ਗੁਰੂਆਂ-ਪੀਰਾਂ ਨੇ ਸਾਨੂੰ ਸੱਚਾਈ ਦੇ ਮਾਰਗ 'ਤੇ ਚੱਲਣ ਲਈ ਨੈਤਿਕਤਾ ਦਾ ਪਾਠ ਪੜ੍ਹਾਇਆ ਸੀ। ਉਨ੍ਹਾਂ ਸਿਖਿਆ ਦਿੱਤੀ ਸੀ ਕਿ ਅਸੀਂ ਇਸ ਮਾਰਗ 'ਤੇ ਚੱਲਦੇ ਹੋਏ ਹਰ ਪ੍ਰਾਣੀ ਨਾਲ ਨਿਮਰਤਾ ਦਾ ਵਿਹਾਰ ਕਰਦੇ ਹੋਏ ਤੇ ਪ੍ਰੇਮ ਦੇ ਮਾਰਗ 'ਤੇ ਚਲਦੇ ਹੋਏ ਜੀਵਨ ਬਤੀਤ ਕਰੀਏ। ਕੀ ਅਸੀਂ ਉਨ੍ਹਾਂ ਦੀ ਦਿੱਤੀ ਸਿਖਿਆ 'ਤੇ ਪੂਰੇ ਉਤਰਦੇ ਹਾਂ? ਕੀ ਸਾਡੀ ਅੰਤਰ ਆਤਮਾ ਇਸ ਦੀ ਗਵਾਹੀ ਭਰਦੀ ਹੈ? ਉਂਝ ਕਹਿਣ ਲੱਗਿਆਂ ਤਾਂ ਅਸੀਂ ਬੜੇ ਸਵੈ-ਮਾਣ ਨਾਲ ਕਹਿ ਦਿੰਦੇ ਹਾਂ ਕਿ:

ਹਮ ਉਸ ਦੇਸ਼ ਕੇ ਵਾਸੀ ਹੈਂ
ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ।

ਭਾਵ ਭਾਰਤ ਦੇਸ਼ ਦੇ ਵਾਸੀ ਹੋਣ ਵਿੱਚ ਬੜਾ ਫਖਰ ਮਹਿਸੂਸ ਕਰਦੇ ਹਾਂ ਕਿਉਂਕਿ ਗੰਗਾ ਦਾ ਪਵਿੱਤਰ ਨਦੀ ਦਾ ਦਰਜਾ ਹੈ ਤੇ ਉਹ ਭਾਰਤ ਵਿੱਚ ਵਗਦੀ ਹੈ। ਸਹੀ ਅਰਥਾਂ ਵਿੱਚ ਸਾਨੂੰ ਅੱਜ ਤੱਕ ਇਹੋ ਪਤਾ ਨਹੀਂ ਲੱਗਾ ਕਿ ਭਾਰਤ ਦਾ ਮਤਲਬ ਕੀ ਹੈ? ਭਾਰਤ ਭਾਵ ਪ੍ਰਕਾਸ਼ ਵਿੱਚ ਰੱਤ। ਪ੍ਰਕਾਸ਼ ਦਾ ਅਰਥ ਜਿੱਥੇ ਸਾਤਵਿਕਤਾ ਹੈ, ਸੱਚ ਹੈ, ਇਮਾਨਦਾਰੀ ਤੇ ਸਦਾਚਾਰ ਹੈ। ਹਨੇਰਾ ਉਹ ਹੈ, ਜਿੱਥੇ ਝੂਠ, ਛਲ, ਕਪਟ ਤੇ ਫਰੇਬ ਭਰਿਆ ਹੋਇਆ ਹੈ। ਕੀ ਅਸੀਂ ਭਾਰਤੀ ਹੋ ਕੇ ਅਜਿਹੇ ਨੈਤਿਕਤਾ ਕਰਤੱਵਾਂ ਦੀ ਪਾਲਣਾ ਕਰਦੇ ਹਾਂ, ਜੋ ਇੱਕ ਮਨੁੱਖ ਨੂੰ ਮਾਣ-ਮੱਤਾ ਹੋਣ ਦਾ ਸਨਮਾਨ ਦੇਂਦਾ ਹੋਵੇ? ਅੱਜ ਹਾਲਾਤ ਇਹ ਹਨ ਕਿ ਹਰ ਥਾਂ ਅੰਨ੍ਹੀ ਲੁੱਟ ਮਚੀ ਹੋਈ ਹੈ। ਕੋਈ ਵੀ ਆਦਮੀ ਨੈਤਿਕਤਾ ਪ੍ਰਤੀ ਜ਼ਿੰਮੇਵਾਰੀ ਸੁਚੱਜੇ ਢੰਗ ਨਾਲ ਨਹੀਂ ਨਿਭਾ ਰਿਹਾ। ਉਸ ਦਾ ਲਾਲਚ ਏਸ ਕਦਰ ਵਧ ਗਿਆ ਹੈ ਕਿ ਉਹ ਸਿਰਫ ਪੈਸੇ ਨੂੰ ਹੀ ਸਭ ਕੁਝ ਮੰਨਣ ਨੂੰ ਤਿਆਰ ਹੋ ਕੇ ਰਹਿ ਗਿਆ ਹੈ। ਇਸ ਕਾਰਨ ਚੋਰੀਆਂ, ਠੱਗੀਆਂ ਤੋਂ ਸਿਵਾਏ ਸੱਚਾਈ ਤੇ ਇਮਾਨਦਾਰੀ ਲੋਪ ਹੋ ਕੇ ਰਹਿ ਗਏ ਹਨ।

ਇਸ ਸੰਬੰਧੀ ਮੈਨੂੰ ਇੱਕ ਕਿੱਸਾ ਯਾਦ ਆ ਗਿਆ। ਇੱਕ ਕਿਸਾਨ ਘਿਓ ਦਾ ਪੀਪਾ ਭਰ ਕੇ ਸ਼ਹਿਰ ਚਲਾ ਗਿਆ ਤੇ ਇੱਕ ਸੁਨਿਆਰੇ ਦੀ ਦੁਕਾਨ 'ਤੇ ਜਾ ਕੇ ਕਹਿਣ ਲੱਗਾ, 'ਭਰਾ ਮੈਨੂੰ ਗਹਿਣੇ ਚਾਹੀਦੇ ਹਨ। ਤੁਸੀਂ ਮੇਰੇ ਕੋਲੋਂ ਦੇਸੀ ਘਿਓ ਲੈ ਲਓ ਤੇ ਬਦਲੇ ਵਿੱਚ ਕੁਝ ਗਹਿਣੇ ਦੇ ਦਿਓ।' ਸੁਨਿਆਰ ਨੇ ਘਿਓ ਦਾ ਪੀਪਾ ਲੈ ਕੇ ਉਸ ਨੂੰ ਕੁਝ ਗਹਿਣੇ ਦੇ ਦਿੱਤੇ। ਇਸ ਦੇ ਬਾਅਦ ਸੁਨਿਆਰ ਤੇ ਕਿਸਾਨ ਦੋਵੇਂ ਖੁਸ਼ ਸੀ, ਪਤਾ ਕਿਉਂ? ਕਿਸਾਨ ਸੋਚ ਰਿਹਾ ਸੀ ਕਿ ਉਸ ਨੇ ਘਿਓ ਦੇ ਪੀਪੇ ਵਿੱਚ ਥੱਲੇ ਗੋਹਾ ਭਰ ਕੇ ਸੁਨਿਆਰ ਨੂੰ ਦੇ ਦਿੱਤਾ ਹੈ। ਉਹ ਖੁਸ਼ ਸੀ ਕਿ ਮੈਂ ਸੁਨਿਆਰ ਨੂੰ ਲੁੱਟ ਲਿਆ। ਓਧਰ ਸੁਨਿਆਰ ਖੁਸ਼ ਹੈ ਕਿ ਮੈਂ ਕਿਸਾਨ ਨੂੰ ਲੁੱਟ ਲਿਆ। ਜਦੋਂ ਸੁਨਿਆਰੇ ਨੇ ਪੀਪਾ ਖਾਲੀ ਕੀਤਾ ਤਾਂ ਉਤੇ ਘਿਓ ਤੇ ਥੱਲੇ ਗੋਹਾ ਸੀ। ਓਧਰ ਕਿਸਾਨ ਪਿੰਡ ਦੇ ਸੁਨਿਆਰੇ ਕੋਲ ਗਿਆ ਤਾਂ ਪਤਾ ਲੱਗਾ ਕਿ ਗਹਿਣਿਆਂ ਉਤੇ ਸਿਰਫ ਸੋਨੇ ਦੇ ਪਾਣੀ ਚੜ੍ਹਿਆ ਹੈ ਤੇ ਥੱਲੇ ਸਾਰਾ ਪਿੱਤਲ ਸੀ। ਲਾਭ ਦੋਵਾਂ 'ਚੋਂ ਕਿਸੇ ਨੂੰ ਵੀ ਨਾ ਹੋਇਆ। ਦੋਵੇਂ ਠੱਗੇ ਗਏ।

ਬੱਸ ਇਹੋ ਹਾਲ ਸਾਡੇ ਆਮ ਵਰਤਾਰੇ ਵਿੱਚ ਦੇਖਣ ਨੂੰ ਮਿਲਦਾ ਹੈ। ਕਹਿਣ ਤੋਂ ਭਾਵ ਚਾਰੇ ਪਾਸੇ ਅਨੈਤਿਕਤਾ ਦਾ ਅਜਿਹਾ ਚੱਕਰਵਿਊ ਚੱਲ ਰਿਹਾ ਹੈ ਕਿ ਹਰ ਕੋਈ ਇੱਕ ਦੂਜੇ ਨੂੰ ਠੱਗ ਰਿਹਾ ਹੈ। ਅਖਬਾਰਾਂ ਵਿੱਚ ਅਸੀਂ ਜ਼ਿਆਦਾ ਖਬਰਾਂ ਇਹੋ ਜਿਹੀਆਂ ਹੀ ਪੜ੍ਹਦੇ ਹਾਂ ਕਿ ਫਲਾਣੇ ਥਾਂ ਐਨੇ ਕੁਇੰਟਲ ਨਕਲੀ ਦੁੱਧ, ਪਨੀਰ ਤੇ ਖੋਇਆ ਫੜਿਆ ਗਿਆ ਜਿਸ ਦਾ ਮੁੱਲ ਲੱਖਾਂ ਰੁਪਿਆਂ ਵਿੱਚ ਬਣਦਾ ਹੈ। ਪੈਸੇ ਦੇ ਲਾਲਚ ਵੱਸ ਇਨਸਾਨ ਇੱਕ ਦੂਸਰੇ ਦਾ ਜਾਨੀ ਦੁਸ਼ਮਣ ਬਣ ਚੁੱਕਾ ਹੈ। ਅਜਿਹਾ ਕੰਮ ਕਰਨ ਵਾਲੇ ਇਹ ਕਦੇ ਨਹੀਂ ਸੋਚਦੇ ਕਿ ਉਹ ਪੈਸੇ ਤਾਂ ਬੇਸ਼ੱਕ ਵਾਧੂ ਕਮਾ ਲੈਣਗੇ, ਪਰ ਦੂਸਰੇ ਦੇ ਪਰਵਾਰਾਂ ਤੇ ਬੱਚਿਆਂ ਨੂੰ ਨਕਲੀ ਚੀਜ਼ਾਂ ਵੇਚ ਕੇ ਕਿਉਂ ਮਾਰ ਰਹੇ ਹਨ? ਅਜਿਹੇ ਘਿਨੌਣੇ ਕੰਮ ਵਿੱਚ ਲੱਗੇ ਵਿਅਕਤੀਆਂ ਵਿੱਚ ਇਹ ਗੱਲ ਵੱਸੀ ਹੋਈ ਹੈ ਕਿ ਫੜੇ ਗਏ ਤਾਂ ਵਾਧੂ ਕਮਾਏ ਹੋਏ ਪੈਸਿਆਂ ਨਾਲ ਛੁੱਟ ਵੀ ਜਾਵਾਂਗੇ। ਇਸੇ ਕਰ ਕੇ ਅਜਿਹੇ ਬੰਦੇ ਜੇਲ੍ਹਾਂ ਭੁਗਤਣ ਤੋਂ ਵੀ ਨਹੀਂ ਡਰਦੇ।

ਕੁਝ ਸਮਾਂ ਪਹਿਲਾਂ ਦੀ ਗੱਲ ਹੈ ਕਿ ਮੇਰੇ ਨਾਲ ਕੁਝ ਇਸ ਤਰ੍ਹਾਂ ਵਾਪਰਿਆ ਕਿ ਮੈਂ ਬਠਿੰਡੇ ਬਾਜ਼ਾਰ ਵਿੱਚ ਇੱਕ ਦੁਕਾਨ ਤੋਂ ਟਾਰਚ ਦੇ ਸੈੱਲ ਲੈਣ ਗਿਆ। ਦੁਕਾਨਦਾਰ ਨੂੰ ਜਾ ਕੇ ਕਿਹਾ ਕਿ ਮੈਨੂੰ ਵਧੀਆ ਸੈੱਲ ਚਾਹੀਦੇ ਹਨ, ਇਸ ਲਈ ਐਵਰੈਡੀ ਦੇ ਸੈੱਲ ਦਿਓ। ਸੈੱਲ ਖਰੀਦ ਕੇ ਘਰ ਪਹੁੰਚ ਕੇ ਟਾਰਚ ਵਿੱਚ ਪਾ ਦਿੱਤੇ। ਟਾਰਚ ਸਿਰਫ ਇੱਕ ਦੋ ਦਿਨ ਹੀ ਸਹੀ ਰੋਸ਼ਨੀ ਦੇ ਸਕੀ ਤੇ ਸੈੱਲ ਠੁੱਸ ਹੋ ਕੇ ਰਹਿ ਗਏ। ਮੈਂ ਉਨ੍ਹਾਂ ਨੂੰ ਕਾਫੀ ਹਿਲਾ ਕੇ ਅਤੇ ਦੁਬਾਰਾ ਹੇਠਾਂ-ਉਪਰ ਕਰ ਕੇ ਫਿਰ ਪਾਏ, ਪਰ ਰੋਸ਼ਨੀ ਨਹੀਂ ਦੇ ਰਹੇ ਸਨ। ਜਦੋਂ ਸੈੱਲਾਂ ਉਪਰ ਅੰਗਰੇਜ਼ੀ ਵਿੱਚ ਲਿਖੇ ਹੋਏ ਸ਼ਬਦਾਂ ਨੂੰ ਚੰਗੀ ਤਰ੍ਹਾਂ ਘੋਖਿਆ ਤਾਂ ਉਸ ਦੇ ਸਪੈਲਿੰਗ ਐਵਰੈਡੀ ਦੀ ਜਗ੍ਹਾ ਐਵਰੀ ਡੇਅ ਬਣਦੇ ਸਨ। ਵਾਪਸ ਜਾ ਕੇ ਦੁਕਾਨਦਾਰ ਨੂੰ ਕਿਹਾ ਕਿ ਸੈੱਲ ਤਾਂ ਤੂੰ ਠੀਕ ਹੀ ਦਿੱਤੇ ਹਨ-ਐਵਰੀ ਡੇਅ। ਭਾਵ ਰੋਜ਼ਾਨਾ ਨਵੇਂ ਬਦਲ ਕੇ ਪਾਓ, ਪਰ ਪੈਸੇ ਤੂੰ ਅਸਲੀ ਸੈੱਲਾਂ ਦੇ ਭਾਅ ਤੋਂ ਵੀ ਵੱਧ ਲੈ ਲਏ। ਇਸ ਤਰ੍ਹਾਂ ਤੂੰ ਆਪਣੀ ਦੁਕਾਨ 'ਤੇ ਨਕਲੀ ਸਾਮਾਨ ਵੇਚ ਕੇ ਗਾਹਕਾਂ ਨੂੰ ਬੇਵਕੂਫ ਬਣਾ ਰਿਹਾ ਤੇ ਠੱਗੀਆਂ ਮਾਰ ਰਿਹਾ ਏਂ। ਮੈਂ ਤੇਰੇ ਖਿਲਾਫ ਪੁਲਸ ਕੇਸ ਦਰਜ ਕਰਵਾਉਣ ਚੱਲਿਆ ਹਾਂ। ਫਿਰ ਉਹ ਕਾਫੀ ਡਰ ਗਿਆ। ਮੈਨੂੰ ਸਾਰੇ ਪੈਸੇ ਵੀ ਮੋੜ ਦਿੱਤੇ। ਦੁਕਾਨ 'ਤੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। ਉਹ ਮੇਰੀਆਂ ਮਿੰਨਤਾਂ-ਤਰਲੇ ਕਰੀ ਜਾ ਰਿਹਾ ਸੀ ਤੇ ਨਾਲ ਗੋਡੇ ਫੜ ਰੱਖੇ ਸਨ। ਕਹਿ ਰਿਹਾ ਸੀ ਕਿ ਅੱਗੇ ਤੋਂ ਅਜਿਹਾ ਕੰਮ ਨਹੀਂ ਕਰੇਗਾ।

ਆਓ! ਆਪਾਂ ਸਾਰੇ ਰਲ ਮਿਲ ਕੇ ਤੇ ਸਮੇਂ ਨੂੰ ਵਿਚਾਰਦੇ ਹੋਏ ਅਜਿਹੇ ਕੰਮ ਕਰਨ ਵਾਲਿਆਂ ਨੂੰ ਨੱਥ ਪਾਈਏ। ਜਦੋਂ ਤੱਕ ਨੈਤਿਕ ਤੇ ਵਿਹਾਰਕ ਮੁੱਲਾਂ ਦਾ ਸੁਮੇਲ ਨਹੀਂ ਹੋਵੇਗਾ ਉਦੋਂ ਤੱਕ ਅਸੀਂ ਅਸਲ ਵਿੱਚ ਸੱਚੇ ਮਨੁੱਖ ਨਹੀਂ ਬਣ ਸਕਾਂਗੇ।

# ਸਾਈਕਲ ਦੀ ਯਾਦ ਦਾ ਨਿੱਘਾ ਅਹਿਸਾਸ

-ਪ੍ਰੋ. ਗੁਰਦੇਵ ਸਿੰਘ ਜੌਹਲ

ਦਸਵੀਂ ਤੱਕ ਮੈਂ ਪਿੰਡ ਦੇ ਸਕੂਲ 'ਚ ਹੀ ਪੜ੍ਹਿਆ। ਸਾਡੇ ਘਰ ਸਾਈਕਲ ਨਹੀਂ ਸੀ ਹੁੰਦਾ। ਨਾ ਹੀ ਮੈਨੂੰ ਸਾਈਕਲ ਚਲਾਉਣਾ ਆਉਂਦਾ ਸੀ। ਗਿਆਰਵੀਂ ਜਮਾਤ 'ਚ ਮੈਂ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਦੇ ਹੋਸਟਲ 'ਚ ਰਹਿੰਦਾ ਸੀ। ਕਈ ਮੁੰਡੇ ਸਾਡੇ ਪਿੰਡੋਂ ਰੋਜ਼ ਕਾਲਜ ਪੜ੍ਹਨ ਆਉਂਦੇ ਸਨ। ਨਕੋਦਰ ਤੋਂ ਜਲੰਧਰ ਆਉਂਦੀ ਗੱਡੀ ਥਾਬਲਕੇ ਦੇ ਸਟੇਸ਼ਨ ਤੋਂ ਫੜਦੇ। ਜਲੰਧਰ ਸਟੇਸ਼ਨ ਤੋਂ ਤੁਰ ਕੇ ਕਾਲਜ ਆਉਂਦੇ। ਛੁੱਟੀ ਵੇਲੇ ਤੁਰ ਕੇ ਵਾਪਸ ਜਾਂਦੇ। ਪਿੰਡ ਥਾਬਲਕੇ ਸਟੇਸ਼ਨ ਤੱਕ ਤੇ ਵਾਪਸ ਸਾਈਕਲ 'ਤੇ ਜਾਂਦੇ ਸਾਂ। ਸ਼ਨਿੱਚਰਵਾਰ ਨੂੰ ਮੈਂ ਉਨ੍ਹਾਂ ਨਾਲ ਗੱਡੀ ਵਿੱਚ ਚਲਾ ਜਾਂਦਾ। ਥਾਬਲਕੇ ਸਟੇਸ਼ਨ 'ਤੇ ਉਤਰ ਕੇ ਉਨ੍ਹਾਂ ਨਾਲ ਸਾਈਕਲ 'ਤੇ ਬੈਠ ਕੇ ਪਿੰਡ ਜਾਂਦਾ। ਸੋਮਵਾਰ ਸਵੇਰੇ ਫਿਰ ਉਨ੍ਹਾਂ ਨਾਲ ਹੀ ਕਾਲਜ ਆ ਜਾਣਾ।

ਹੋਸਟਲ 'ਚ ਕਈ ਮੁੰਡਿਆਂ ਨੇ ਸਾਈਕਲ ਰੱਖੇ ਹੋਏ ਸਨ। ਇਕ ਦਿਨ ਮੈਂ ਸਾਈਕਲ ਸਿੱਖਣ ਦਾ ਫੈਸਲਾ ਕਰ ਲਿਆ। ਦੇਖਣ ਨੂੰ ਮੈਂ ਟਿੰਡਾ ਹੀ ਲੱਗਦਾ ਸੀ। ਕਿਸੇ ਦੇ ਸਾਹਮਣੇ ਸਾਈਕਲ ਸਿੱਖਦਿਆਂ ਸ਼ਰਮ ਆਉਂਦੀ ਸੀ। ਮੈਂ ਪੜ੍ਹਨ ਹੀ ਲੇਟ ਲੱਗਾ ਸੀ। ਸੀ ਐਸ ਚੌਕ ਕੋਲੋਂ ਦੀ ਰੇਲਵੇ ਕਾਲੋਨੀ ਵੱਲੋਂ ਆਉਂਦਾ ਨਹਿਰ ਦਾ ਸੂਆ ਗੜ੍ਹੇ ਵੱਲ ਨੂੰ ਜਾਂਦਾ ਸੀ। ਇਕ ਦਿਨ ਮੈਂ ਕਿਸੇ ਦਾ ਸਾਈਕਲ ਲੈ ਕੇ ਸੂਏ ਦੇ ਨਾਲ-ਨਾਲ ਪੈਦਲ ਰਾਹ ਉੱਤੇ ਪਹਿਲਾਂ ਕੈਰੀਅਰ ਉਤੇ ਬੈਠ ਕੇ ਅਤੇ ਫਿਰ ਕਾਠੀ 'ਤੇ ਬੈਠ ਕੇ ਸਾਈਕਲ ਚਲਾਉਣਾ ਸਿੱਖਦਾ ਰਿਹਾ। ਸਮੱਸਿਆ ਸਾਈਕਲ 'ਤੇ ਚੜ੍ਹਨ ਉਤਰਨ ਦੀ ਸੀ। ਪੈਡਲ 'ਤੇ ਪੈਰ ਰੱਖ ਕੇ ਚੜ੍ਹਨਾ/ਉਤਰਨਾ ਮੈਂ ਕਈ ਮਹੀਨਿਆਂ ਬਾਅਦ ਸਿੱਖਿਆ। ਫਿਰ ਕਈ ਵਾਰੀ ਮੈਂ ਕਿਸੇ ਤੋਂ ਸਾਈਕਲ ਲੈ ਕੇ ਪਿੰਡ ਚਲੇ ਜਾਣਾ ਤੇ ਸਵੇਰੇ ਮੁੜ ਆਉਣਾ। ਆਪਣੀ ਭੈਣ ਦੇ ਪਿੰਡੋਂ ਤਾਂ ਮੈਂ ਸਾਈਕਲ 'ਤੇ ਜਾ ਕੇ ਦੋ ਤਿੰਨ ਘੰਟਿਆਂ 'ਚ ਹੀ ਮੁੜ ਆਉਂਦਾ। ਸਾਲ 1967 'ਚ ਜਦ ਮੈਂ ਨੌਕਰੀ ਕਰਨ ਲੱਗਾ ਤਾਂ ਸਾਡੇ ਪਿੰਡ ਤੋਂ ਬੱਸਾਂ ਸ਼ੁਰੂ ਹੋ ਗਈਆਂ ਸਨ। 11ਵੀਂ ਜਮਾਤ ਵਿੱਚ ਪੜ੍ਹਦਿਆਂ ਜੰਗਲ ਪਾਣੀ ਆਸ ਪਾਸ ਦੇ ਖੇਤਾਂ 'ਚ ਜਾਣਾ ਹੁੰਦਾ ਸੀ। ਇਕ ਦਿਨ ਦੁਪਹਿਰ ਨੂੰ ਮੈਂ ਕਿਸੇ ਦਾ ਸਾਈਕਲ ਲੈ ਕੇ ਗੜ੍ਹੇ ਦੇ ਰੇਲਵੇ ਦੇ ਫਾਟਕ ਵੱਲ ਜੰਗਲ ਪਾਣੀ ਗਿਆ। ਉਨ੍ਹਾਂ ਦਿਨਾਂ 'ਚ ਕਮੇਟੀ ਵੱਲੋਂ ਸਾਈਕਲਾਂ ਨੂੰ ਟੋਕਨ ਲੱਗਦੇ ਸਨ। ਕੀਮਤ ਸਿਰਫ ਦੋ ਰੁਪਏ। ਫਾਟਕ ਉਤੇ ਬੈਠੇ ਕਮੇਟੀ ਦੇ ਬੰਦਿਆਂ ਨੂੰ ਮੈਨੂੰ ਫੜ ਲਿਆ। ਕੋਲ ਦੋ ਰੁਪਏ ਨਹੀਂ ਸਨ। ਸਾਈਕਲ ਵੀ ਕਿਸੇ ਦਾ ਸੀ। ਸਾਈਕਲ ਉਥੇ ਛੱਡ ਕੇ ਹੋਸਟਲ ਵਿੱਚੋਂ ਦੋ ਰੁਪਏ ਲੈ ਕੇ ਗਿਆ ਤੇ ਟੋਕਨ ਲਗਾਇਆ। ਸਾਈਕਲਾਂ ਨੂੰ ਟੋਕਨ ਲਾਉਣ ਲਈ ਕਮੇਟੀ ਦੇ ਬੰਦੇ ਰੇਲ ਫਾਟਕਾਂ, ਪੁਲਾਂ ਤੇ ਟੇਸ਼ਨਾਂ ਉੱਤੇ ਆਮ ਫੜਦੇ ਸਨ। ਇਕ ਵਾਰ ਉਨ੍ਹਾਂ ਮੈਨੂੰ ਬੇਈਂ ਦੇ ਪੁਲ ਉਤੇ ਘੇਰ ਲਿਆ। ਮੈਂ ਝੂਠ ਦਾ ਸਹਾਰਾ ਲਿਆ ਕਿ ਮੈਂ ਪਿਛਲੇ ਹਫਤੇ ਟੇਸ਼ਨ 'ਤੇ ਲੈ ਲਿਆ ਸੀ, ਬੱਸ ਸਾਈਕਲ ਨਾਲ ਕੱਸਣ ਦਾ ਵਿਹਲ ਨਹੀਂ ਮਿ-ਲਆ।

ਉਨ੍ਹਾਂ ਦਿਨਾਂ 'ਚ ਬਾਥਰੂਮ ਜਾਣ ਲਈ ਜਾਂ ਘਰ 'ਚ ਆਮ ਪਾਉਣ ਵਾਲੀ ਬਾਟਾ ਕੰਪਨੀ ਦੀ ਚੱਪਲ ਹੁੰਦੀ ਸੀ, ਜਿਸ ਦੇ ਅਗਲੇ ਸਿਰ 'ਤੇ ਦੋ ਮੋਰੀਆਂ ਹੁੰਦੀਆਂ ਸਨ। ਅਸੀਂ ਉਸ ਨੂੰ ਨਾਸਾਂ ਕਹਿੰਦੇ ਸੀ। ਇਕ ਦਿਨ ਮੈਂ ਉਹ ਨਾਸਾਂ ਖਰੀਦ ਕੇ ਸਾਈਕਲ ਦੇ ਕੈਰੀਅਰ ਉਤੇ ਰੱਖ ਲਈਆਂ। ਜਾਣਾ ਜਲੰਧਰੋਂ ਪਿੰਡ ਨੂੰ ਸੀ। ਸ਼ਾਮ ਦਾ ਸੂਰਜ ਅੰਦਰ ਬਾਹਰ ਹੋ ਰਿਹਾ ਸੀ। ਗੜ੍ਹੇ ਵਾਲੇ ਫਾਟਕ ਕੋਲ ਆ ਕੇ ਮੈਂ ਪਿਸ਼ਾਬ ਕਰਨਾ ਚਾਹਿਆ। ਦੇਖਿਆ ਕਿ ਚੱਪਲ ਦਾ ਇਕ ਪੈਰ ਕਿਤੇ ਡਿੱਗ ਪਿਆ ਸੀ। ਕਿੰਨੀ ਵਾਟ ਪਿਛਾਂਹ ਮੁੜ ਕੇ ਗਿਆ, ਪਰ ਉਹ ਕਿਤੇ ਨਾ ਮਿਲਿਆ। ਮਸੋਸੇ ਮਨ ਨਾਲ ਦੂਜਾ ਪੈਰ ਵੀ ਸੁੱਟ ਦਿੱਤਾ। ਖਾਲੀ ਹੱਥ ਪਿੰਡ ਨੂੰ ਚਲਾ ਗਿਆ।

ਮੇਰਾ ਬੇਟਾ ਸਕੂਲ 'ਚ ਪੜ੍ਹਦਾ ਸੀ। ਹੋਣਾ ਕੋਈ 6ਵੀਂ ਜਾਂ 7ਵੀਂ ਵਿੱਚ। ਡਾਕ ਟਿਕਟਾਂ ਦਾ ਨਵਾਂ-ਨਵਾਂ ਸ਼ੌਕ ਸੀ। ਕੰਪਨੀ ਬਾਗ 'ਚ ਟਿਕਟਾਂ ਦੀ ਨੁਮਾਇਸ਼ ਲੱਗਣੀ ਸੀ। ਉਸ ਨੂੰ ਅਸੀਂ ਨਵਾਂ ਸਾਈਕਲ ਲੈ ਕੇ ਦਿੱਤਾ ਸੀ। ਟਿਕਟਾਂ ਦੇਖਣ ਦੇ ਚਾਅ 'ਚ ਉਹ ਆਉਂਦਿਆਂ ਨੂੰ ਸਾਈਕਲ ਨੂੰ ਸ਼ਾਇਦ ਤਾਲਾ ਲਾਉਣਾ ਭੁੱਲ ਗਿਆ। ਬਾਹਰ ਆਉਂਦਿਆਂ ਨੂੰ ਸਾਈਕਲ ਕੋਈ ਲੈ ਗਿਆ। ਥਾਣੇ ਰਪਟ ਲਿਖਾਈ, ਪਰ 35-36 ਸਾਲਾਂ ਬਾਅਦ ਵੀ ਸਾਈਕਲ ਦੀ ਕੋਈ ਉਘ ਸੁੱਘ ਨਹੀਂ। ਯੂਨੀਵਰਸਿਟੀ ਦੇ ਹੋਸਟਲ 'ਚ ਰਹਿੰਦਿਆਂ ਵੀ ਉਸ ਨੇ ਕੋਈ ਪੁਰਾਣਾ ਸਾਈਕਲ ਰੱਖਣ ਦੀ ਮੰਗ ਕੀਤੀ। ਦੋ ਸਾਲਾਂ ਬਾਅਦ ਜਦ ਸਾਈਕਲ ਬਾਰੇ ਪੁੱਛਿਆ ਤਾਂ ਕਹਿੰਦਾ, ਪਤਾ ਨਹੀਂ ਕਿੱਥੇ ਗਿਆ। ਮੇਰਾ ਛੋਟਾ ਬੇਟਾ 6ਵੀ, 7ਵੀਂ ਤੱਕ ਸਕੂਲੇ ਰਿਕਸ਼ੇ 'ਤੇ ਹੀ ਜਾਂਦਾ ਆਉਂਦਾ ਸੀ। ਜਦੋਂ ਉਸ ਨੇ ਨਵਾਂ ਸਾਈਕਲ ਲਿਆ ਤਾਂ ਉਸ ਨੂੰ ਇਹ ਨਹੀਂ ਸੀ ਪਤਾ ਕਿ ਟਾਇਰ 'ਚ ਹਵਾ ਕਿਵੇਂ ਭਰਨੀ ਹੈ। ਇਕ ਦੁਕਾਨ 'ਤੇ ਜਾ ਕੇ ਕਹਿੰਦਾ, 'ਭਾਈ! ਸਾਈਕਲ 'ਚ ਹਵਾ ਪਾ ਦੇ।' ਇਕ ਵਾਰੀ ਜਦੋਂ ਉਹ ਡਰਾਮਾ ਦੇਖ ਕੇ ਬਾਹਰ ਆਇਆ ਤਾਂ ਸਾਈਕਲ ਗਾਇਬ। ਕਿਸੇ ਗਰੀਬ ਦਾ ਟੁੱਟਾ ਜਿਹਾ ਸਾਈਕਲ ਰੇੜ੍ਹ ਕੇ ਘਰ ਲੈ ਆਇਆ। ਇਹ ਮੁੜ ਕਿਸੇ ਕਬਾੜੀਏ ਦੇ ਪੱਲੇ ਪਿਆ। ਜਦੋਂ ਮੈਂ ਸਕੂਲ 'ਚ ਪੜ੍ਹਦਾ ਸੀ ਤਾਂ ਮਾਸਟਰ ਪ੍ਰਤਾਪ ਸਿੰਘ ਰੋਜ਼ ਆਪਣੇ ਪਿੰਡ ਤੋਂ ਸਾਈਕਲ 'ਤੇ ਆਉਂਦੇ ਜਾਂਦੇ ਸਨ। ਉਨ੍ਹਾਂ ਦੇ ਤਿੰਨ ਬੇਟੇ ਵੀ ਸਾਈਕਲਾਂ 'ਤੇ ਆਉਂਦੇ ਜਾਂਦੇ ਸਨ। ਪੰਡਤ ਤਿਲਕ ਰਾਜ, ਜਿਸ ਨੂੰ ਮੁੰਡੇ ਗੋਗਲਾ ਕਹਿੰਦੇ ਸਨ, ਵੀ ਗੁਰ-ਾਇਆ ਤੋਂ ਸਾਈਕਲ 'ਤੇ ਸਫਰ ਕਰਦੇ ਸਨ। ਪੰਡਤ ਭਾਗ ਰਾਮ ਲਖਨਪਾਲ ਤੇ ਹੋਰ ਕਈ ਅਧਿਆਪਕ ਵੀ ਸਾਈਕਲਾਂ ਦੇ ਮਾਲਕ ਸਨ। ਹੈਡਮਾਸਟਰ ਸਾਹਿਬ ਵੀ ਸਾਈਕਲ 'ਤੇ ਆਉਣਾ ਫਖਰ ਸਮਝਦੇ ਸਨ।



60ਵਿਆਂ 'ਚ ਸਕੂਟਰ ਕਿੱਥੇ ਹੁੰਦੇ ਸਨ। ਸਾਡੇ ਕਾਲਜ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਪ੍ਰੋ. ਹਰਭਜਨ ਸਿੰਘ 'ਪ੍ਰਿੰਸ' ਨੇ ਸਾਰੀ ਉਮਰ ਸਾਈਕਲ ਦੀ ਹੀ ਸਵਾਰੀ ਕੀਤੀ। ਕਾਰ ਸ਼ਾਇਦ ਉਨ੍ਹਾਂ ਕਾਲਜ ਦੇ ਪ੍ਰਿੰਸੀਪਲ ਬਣ ਕੇ ਵਰਤੀ ਸੀ। ਉਸ ਲਈ ਵੀ ਡਰਾਈਵਰ ਰੱਖਿਆ ਸੀ। ਪਿੰਡ ਜਿਨ੍ਹਾਂ ਮੁੰਡਿਆਂ ਦੇ ਘਰ ਸਾਈਕਲ ਹੁੰਦੇ ਸਨ, ਉਹ ਤਾਂ ਸਕੂਲੇ ਵੀ ਸਾਈਕਲ 'ਤੇ ਆਉਂਦੇ ਸਨ। ਨਿੱਕੇ-ਨਿੱਕੇ ਮੁੰਡੇ ਵਿੱਚ ਦੀ ਲੱਤ ਪਾ ਕੇ ਸਾਈਕਲ ਚਲਾ ਲੈਂਦੇ। ਮੇਰੇ ਇਕ ਕਾਲਜ ਅਧਿਆਪਕ ਨੇ ਸਾਰੀ ਉਮਰ ਸਾਈਕਲ ਦੀ ਹੀ ਸਵਾਰੀ ਕੀਤੀ, ਸਕੂਟਰ ਨਹੀਂ ਸਿੱਖਿਆ।

ਜਦ ਸਕੂਟਰ 'ਤੇ ਵੀ ਕਿਸੇ ਦੇ ਪਿੱਛੇ ਬੈਠਦੇ ਤਾਂ ਲੇਡੀਜ਼ ਵਾਂਗ ਦੋਵੇਂ ਲੱਤਾਂ ਇਕ ਪਾਸੇ ਨੂੰ ਕਰਕੇ ਬੈਠਦੇ। ਮੇਰੇ ਇਕ ਹੋਰ ਸਹਿ-ਕਰਮੀ ਨੇ ਸਾਰੀ ਉਮਰ ਸਾਈਕਲ ਹੀ ਚਲਾਇਆ, ਭਾਵੇਂ ਕਿਸੇ ਵੇਲੇ ਉਸ ਦੇ ਪਿਤਾ ਪੰਜਾਬ ਦੇ ਮੰਤਰੀ ਸਨ। 10ਵੀਂ ਪਾਸ ਕਰਨ ਮਗਰੋਂ ਪਿੰਡ ਦੇ ਇਕ ਦੋਸਤ ਨਾਲ ਸ਼ਹਿਰ ਫਿਲਮ ਵੇਖਣ ਦਾ ਪ੍ਰੋਗਰਾਮ ਬਣਾਇਆ। ਮੈਨੂੰ ਸਾਈਕਲ ਚਲਾਉਣਾ ਆਉਂਦਾ ਨਹੀਂ ਸੀ। ਮੈਂ ਉਸ ਦੇ ਸਾਈਕਲ ਦੇ ਅਗਲੇ ਡੰਡੇ 'ਤੇ ਬੈਠ ਗਿਆ। 5-6 ਮੀਲਾਂ ਬਾਅਦ ਮੇਰਾ ਇਕ ਪੈਰ ਸੌਂ ਗਿਆ। ਜਦੋਂ ਸਾਹ ਲੈਣ ਲਈ ਹੇਠਾਂ ਉਤਰਿਆ ਤਾਂ ਇਕਦਮ ਗਿੱਟਾ ਮਰੋੜਿਆ ਗਿਆ। 'ਗਜ਼ਬ' ਫਿਲਮ ਤਾਂ ਦੇਖ ਨਾ ਹੋਈ, ਪਰ ਗਿੱਟੇ ਦੀ ਦਰਦ ਗਜ਼ਬ ਦੀ ਸੀ। 1971 'ਚ ਮੇਰੀ ਭੈਣ ਨੇ ਬੱਚਿਆਂ ਨਾਲ ਕੈਨੇਡਾ ਜਾਣਾ ਸੀ। ਜਾਣ ਲੱਗੀ ਸਾਈਕਲ ਮੈਨੂੰ ਦੇ ਗਈ। ਕਈ ਸਾਲ ਮੈਂ ਉਸੇ ਸਾਈਕਲ ਨਾਲ ਬੁੱਤਾ ਸਾਰਦਾ ਰਿਹਾ। 1973 'ਚ ਮੇਰੀ ਮਾਂ ਦਾ ਦਿਹਾਂਤ ਹੋ ਗਿਆ। ਕਈ ਦਿਨ ਪਿੰਡ ਰਹਿਣਾ ਪੈਣਾ ਸੀ। ਸਾਈਕਲ ਮੈਂ ਬੱਸ ਅੱਡੇ ਰੱਖ ਗਿਆ। ਅੱਠ ਦਸ ਦਿਨਾਂ ਬਾਅਦ ਜਦ ਮੈਂ ਅੱਡੇ 'ਤੇ ਵਾਪਸ ਆਇਆ, ਪਰਚੀ ਦਿਖਾਈ ਤਾਂ ਮੇਰਾ ਸਾਈਕਲ ਮਿਲਿਆ ਨਾ। ਸਟੈਂਡ ਵਾਲੇ ਨੇ ਇਕ ਹੋਰ ਸਾਈਕਲ ਦੇ ਦਿੱਤਾ ਜੋ ਕਈ ਸਾਲ ਮੇਰੇ ਕੋਲ ਰਿਹਾ। ਅੱਜ 30-35 ਸਾਲ ਹੋ ਗਏ ਹਨ, ਜਦੋਂ ਦਾ ਸਕੂਟਰ, ਕਾਰ ਮਿਲੇ ਹਨ, ਸਾਈਕਲ ਨੂੰ ਹੱਥ ਨਹੀਂ ਲਾਇਆ। ਸਾਈਕਲ ਮੇਰੇ ਕੋਲ ਹੈ ਈ ਨਹੀਂ, ਪਰ ਉਸ ਦੀ ਯਾਦ ਨਿੱਘਾ ਅਹਿਸਾਸ ਕਰਾਉਂਦੀ ਹੈ।

# ਜਦੋਂ ਅਸੀਂ ਕਸੂਤੇ ਫਸੇ..

ਡਾ. ਗੁਰਮੀਤ ਸਿੰਘ ਬੈਦਵਾਣ

ਤੇਈ 1974 ਦਾ ਦਿਨ ਸੀ। ਸਾਡੇ ਸਕੂਲ ਚੁੰਨੀ ਕਲਾਂ ਵਿੱਚ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਸ਼ਹੀਦ ਭਗਤ ਸਿੰਘ ਬਾਰੇ ਕ੍ਰਾਂਤੀਕਾਰੀ ਕਵਿਤਾਵਾਂ ਅਤੇ ਭਾਸ਼ਣ ਸੁਣ ਕੇ ਅਸੀਂ ਦਸਵੀਂ ਜਮਾਤ ਦੇ ਵਿਦਿਆਰਥੀ ਕੁਝ ਜ਼ਿਆਦਾ ਹੀ ਉਤੇਜਿਤ ਹੋ ਗਏ। ਪ੍ਰੋਗਰਾਮ ਤੋਂ ਬਾਅਦ ਜਦੋਂ ਅਸੀਂ ਆਪਣੇ ਪਿੰਡ ਬਾਸੀਆਂ ਬੈਦਵਾਨ ਆਏ ਤਾਂ ਸਬੱਬ ਇਹ ਬਣਿਆ ਕਿ ਪਿੰਡ ਦੇ ਹੱਟੀ ਵਾਲੇ ਮੁੰਨਾ ਲਾਲ ਨੂੰ ਨਾਪ ਤੋਲ ਮਹਿਕਮੇ ਦਾ ਇੰਸਪੈਕਟਰ ਇਸ ਗੱਲੋਂ ਘੂਰ ਰਿਹਾ ਸੀ ਕਿ ਉਸ ਦੇ ਪੱਥਰਾਂ ਵਾਲੇ ਵੱਟੇ ਜਾਅਲੀ ਹਨ। ਉਹ ਚੀਜ਼ਾਂ ਦੇ ਲੈਣ ਦੇਣ ਵੇਲੇ ਵੱਖ-ਵੱਖ ਵੱਟੇ ਵਰਤਦਾ ਸੀ। ਪਿੰਡ ਦੇ ਆਮ ਲੋਕਾਂ ਨੂੰ ਉਨ੍ਹਾਂ ਦੀ ਪਛਾਣ ਨਹੀਂ ਸੀ। ਇਸ ਰੌਲੇ ਦੌਰਾਨ ਹੋਰ ਲੋਕਾਂ ਨਾਲ ਮੈਂ ਤੇ ਮੇਰਾ ਜਮਾਤੀ ਪਾਲ ਸਿੰਘ, ਜੋ ਪਿੱਛੇ ਜਿਹੇ ਬੈਂਕ ਤੋਂ ਸੀਨੀਅਰ ਮੈਨੇਜਰ ਸੇਵਾ ਮੁਕਤ ਹੋਇਆ ਹੈ, ਦੁਕਾਨ ਵਿੱਚ ਜਾ ਵੜੇ। ਪਿੰਡ ਦੇ ਇਕ ਬੰਦੇ ਨੇ ਦੁਕਾਨਦਾਰ ਤੋਂ ਇੰਸਪੈਕਟਰ ਨੂੰ ਤੀਹ ਰੁਪਏ ਦਵਾ ਕੇ ਮਾਮਲਾ ਨਿਪਟਾ ਦਿੱਤਾ। ਅਸੀਂ ਵਿਰੋਧ ਕੀਤਾ ਪਰ ਕਿਸੇ ਨਾ ਸੁਣੀ। ਲੋਕ ਉਚੀ-ਉਚੀ ਹੱਸਦੇ ਤੇ ਗੱਲਾਂ ਕਰਦੇ ਆਪਣੇ ਕੰਮ ਜਾ ਲੱਗੇ। ਕਈ ਕਹਿ ਰਹੇ ਸਨ 'ਇੰਸਪੈਕਟਰ ਤੀਹ ਕੇ ਤੀਰ ਨੈਂ ਬਿੰਨ੍ਹ ਦਿਆ'।

ਦੁਕਾਨ ਤੋਂ ਬਾਹਰ ਨਿਕਲ ਕੇ ਅਸੀਂ ਦੋਵਾਂ ਨੇ ਗਿਟਮਿਟ ਕੀਤੀ ਕਿ ਇਉਂ ਪਿੰਡ ਵਾਲਿਆਂ ਦੀ ਹੋ ਰਹੀ ਲੁੱਟ ਨਹੀਂ ਰੁਕਣੀ। ਸ਼ਹੀਦੀ ਸਮਾਗਮ ਦਾ ਅਸਰ ਸਾਡੇ ਮਨਾਂ 'ਤੇ ਏਨਾ ਭਾਰੂ ਸੀ ਕਿ ਅਸੀਂ ਤਤਕਾਲੀ ਮੁੱਖ ਮੰਤਰੀ ਦੇ ਨਾਂ ਇਸ ਕੇਸ ਦੀ ਸ਼ਿਕਾਇਤ ਲਿਖ ਘੱਲੀ। ਸਾਰੀ ਗੱਲ ਦਾ ਸਰਪੰਚ ਨੂੰ ਵੀ ਪਤਾ ਸੀ। ਉਸ ਨੇ ਵੀ ਦਰਖਾਸਤ 'ਤੇ ਮੋਹਰ ਲਾ ਦਿੱਤੀ। ਮੁੱਖ ਮੰਤਰੀ ਦੇ ਦਫਤਰ ਗਏ ਇਸ ਕੇਸ ਦੀ ਤਿੰਨ ਮਹੀਨੇ ਪਿੱਛੋਂ ਇਨਕੁਆਰੀ ਆ ਗਈ। ਥਾਣਾ ਬਨੂੜ ਤੋਂ ਥਾਣੇਦਾਰ ਸਬੰਧਤ ਇੰਸਪੈਕਟਰ ਨੂੰ ਜੀਪ ਵਿੱਚ ਬਿਠਾ ਕੇ ਪਿੰਡ ਲੈ ਆਇਆ। ਸਾਬਕਾ ਸਰਪੰਚ ਕਾਕਾ ਸਿੰਘ ਦੇ ਅੰਬਾਂ ਥੱਲੇ ਇਕੱਠ ਹੋ ਗਿਆ। ਲੋਕ ਗੱਲਾਂ ਕਰਦੇ ਸੁਣਦੇ ਸਨ, 'ਅੱਛਿਆ ਫੇਰ ਇਨ੍ਹਾਂ ਨੈਂ ਪੰਗਾ ਲੇਈ ਲਿਆ। ਇਹ ਉਦਣ ਬੀ ਕੁਸ ਜਾਅਦਾ ਈ ਬੋਲੈਂ ਤੇ।'

ਦੁਕਾਨਦਾਰ ਮੁੰਨਾ ਲਾਲ ਲੋਕਾਂ ਵੱਲ ਕੋਈ ਨਾ ਕੋਈ ਉਧਾਰ ਕੱਢੀ ਰੱਖਦਾ ਸੀ, ਜਿਸ ਕਰਕੇ ਲੋਕ ਉਸ ਤੋਂ ਝਿਪਦੇ ਸਨ ਤੇ ਉਹ ਆਪਣੀ ਹੋ ਰਹੀ ਲੁੱਟ ਵੱਲ ਧਿਆਨ ਨਹੀਂ ਸੀ ਦਿੰਦੇ। ਪਿੰਡ ਵਿੱਚ ਸ਼ਾਇਦ ਇਹ ਆਪਣੀ ਕਿਸਮ ਦੀ ਪਹਿਲੀ ਇਨਕੁਆਰੀ ਸੀ। ਮੈਨੂੰ ਤੇ ਮੇਰੇ ਦੋਸਤ ਨੂੰ ਥਾਣੇਦਾਰ ਦੇ ਸਾਹਮਣੇ ਹੋ ਕੇ ਖੜੇ ਹੋਣ ਲਈ ਕਿਹਾ ਗਿਆ। ਸਭ ਤੋਂ ਪਹਿਲਾਂ ਸਰਪੰਚ ਨੂੰ ਪੁੱਛਿਆ ਗਿਆ ਕਿ ਤੁਸੀਂ ਇਨ੍ਹਾਂ ਦੀ ਦਰਖਾਸਤ 'ਤੇ ਮੋਹਰ ਲਾਈ ਹੈ, ਤੁਸੀਂ ਦੱਸੋ ਕੀ ਮਸਲਾ ਹੈ? ਸਰਪੰਚ ਬੋਲਿਆ, 'ਜੀ ਮੈਂ ਮੌਕੇ ਪਰ ਹਾਜ਼ਰ ਨੀ ਤਾ, ਇਨ੍ਹਾਂ ਨੈਂ ਮੇਰੇ ਘਰਾਂ ਜਾ ਕੈ ਮੂਹਰ ਲੁਆਈ ਐ। ਊਂ ਗਰੌਂ ਮਾ ਇਸ ਬਾਤ ਕਾ ਰੌਲਾ ਜਾ ਖਾਸਾ ਹੋਇਆ ਤਾ।' ਮੁੰਨਾ ਲਾਲ ਦੇ ਕਰਜ਼ੇ ਥੱਲੇ ਦੱਬਿਆ ਗਿਆਨ ਸਿੰਘ ਪੰਚ ਦੁਕਾਨਦਾਰ ਵੱਲੋਂ ਸਫਾਈ ਦੇਣ ਲੱਗਾ, 'ਜੀ ਮ੍ਹਾਰੇ ਗਰੌਂ ਮਾ ਯੋਹ ਪਹਿਲੀ ਬਾਰਦਾਤ ਹੋਈ ਐ, ਕੈਂ ਸਾਲ ਹੋਗੇ ਕੋਈ ਗੱਲ ਨਾ ਬਾਤ। ਕੱਚੇ ਪੱਕੇ ਬੱਟਿਆਂ ਦਾ ਕੋਈ ਫਰਕ ਨੀ ਹੁੰਦਾ। ਇਹ ਨਿਆਣੇ ਸਰਾਰਤੀ ਐਂ।' ਗਿਆਨ ਸਿੰਘ ਆਪਣੀ ਅਗਿਆਨਤਾ ਵਸ ਕਹਿ ਰਿਹਾ ਸੀ, 'ਇਬ ਤਾਂ ਇਨ੍ਹਾਂ ਨਿਆਣਿਆਂ ਪਰ ਝੂਠੀ ਸਕੈਤ ਦਾ ਕੇਸ ਬਣਨਾ ਚਾਹੀਦਾ।' ਪਿੰਡ ਦੇ ਇਕੱਠ ਵਿੱਚ ਕਿਸੇ ਸਾਡੀ ਹਾਮੀ ਨਾ ਭਰੀ। ਪਿੰਡ ਦੀ ਇਸ ਹੀਣ ਭਾਵਨਾ ਨੂੰ ਅਸੀਂ ਦਿਲ ਨਾਲ ਮਹਿਸੂਸ ਕੀਤਾ।

ਸਾਰਾ ਮਸਲਾ ਭਾਂਪਦਿਆਂ ਥਾਣੇਦਾਰ ਲੋਕਾਂ ਨੂੰ ਸੰਬੋਧਨ ਹੋਇਆ, 'ਮੇਰਾ ਵੀ ਤਜਰਬਾ ਹੈ। ਜੇ ਅੱਜ ਇਸ ਇਕੱਠ ਵਿੱਚ ਸੱਚਾ ਕੇਸ ਗਵਾਹਾਂ ਦੀ ਘਾਟ ਕਾਰਨ ਦਮ ਤੋੜ ਗਿਆ ਤਾਂ ਇਸ ਇਕੱਠ ਦੇ ਕਹਿਣ 'ਤੇ ਮੈਂ ਝੂਠਾ ਕੇਸ ਕਿਵੇਂ ਬਣਾ ਦਿਆਂ।' ਉਸ ਨੇ ਸਾਨੂੰ ਨਾ ਝਿੜਕਿਆ, ਨਾ ਮਾਰਿਆ, ਸਗੋਂ ਕਿਹਾ; ਜਾਓ, ਧਿਆਨ ਨਾਲ ਪੜ੍ਹਿਆ ਕਰੋ, ਤੁਹਾਡੀ ਪੜ੍ਹਾਈ ਕੋਈ ਰੰਗ ਲਿਆ ਸਕਦੀ ਹੈ। ਇਹ ਸੁਣ ਕੇ ਲੋਕ ਗੱਲਾਂ ਕਰ ਰਹੇ ਸਨ, 'ਜਿਹਾ ਜਾ ਰੰਗ ਇਬ ਲਗ ਗਿਆ, ਗਹਾਂ ਨੂੰ ਫੇਰ ਲਗ ਜੂ।' ਅਸੀਂ ਪਿੰਡ ਦੀ ਭਲਾਈ ਲਈ ਲੜੀ ਜ਼ਿੰਦਗੀ ਦੀ ਪਹਿਲੀ ਲੜਾਈ ਪਿੰਡ ਦੀ ਹੀ ਕਚਹਿਰੀ ਵਿੱਚ ਹਾਰ ਗਏ।

ਦਸਵੀਂ ਪਾਸ ਕਰਨ ਤੋਂ ਬਾਅਦ ਨੌਕਰੀ ਅਤੇ ਅਗਰੇਲੀ ਪੜ੍ਹਾਈ ਕਰਦਿਆਂ ਅਸੀਂ ਪਿੰਡ ਦੇ ਨੌਜੁਆਨ ਸਾਥੀਆਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਪਹਿਲਾਂ ਨੌਜੁਆਨ ਸਭਾ ਬਣੀ ਅਤੇ ਫਿਰ ਪਿੰਡ ਭਲਾਈ ਫੋਰਮ। ਆਪਣੇ ਖਰਚੇ 'ਤੇ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਜੁੱਟ ਗਏ। ਨੌਜੁਆਨ ਪਿੰਡ ਦੀ ਅਗਵਾਈ ਕਰਨ ਲੱਗੇ। ਉਨ੍ਹਾਂ ਵਿੱਚੋਂ ਕੋਈ ਸਰਪੰਚ ਬਣਿਆ, ਕੋਈ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਤੇ ਕੋਈ ਪਿੰਡ ਦਾ ਡੇਅਰੀ ਵਿਕਾਸ ਵੇਖਣ ਲੱਗਾ। ਨੌਜੁਆਨਾਂ ਦੇ ਉਦਮ ਨੂੰ ਦੇਖਦਿਆਂ ਪਿੰਡ ਦੇ ਲੋਕ ਆਪਣੇ ਭਲੇ ਲਈ ਜਾਗਰੂਕ ਹੋਣ ਲੱਗੇ, ਅਜਿਹੇ ਵੇਲੇ ਪਿੰਡ ਦੀ ਹੀਣ ਭਾਵਨਾ ਵਾਲੀ ਸੋਚ ਖੰਭ ਲਾ ਕੇ ਕਿਧਰੇ ਉਡ ਗਈ ਪ੍ਰਤੀਤ ਹੋਣ ਲੱਗੀ।

## ਰਸੋਈ

# ਦਹੀਂ ਭਿੰਡੀ

ਕਿਸੇ ਨੂੰ ਮਸਾਲੇ ਵਾਲੀ ਭਿੰਡੀ ਪਸੰਦ ਹੈ ਤੇ ਕਿਸੇ ਨੂੰ ਘੱਟ ਮਸਾਲੇ ਵਾਲੀ। ਇਸ ਦੇ ਪਰੌਂਠੇ ਵੀ ਬਣਾਏ ਜਾ ਸਕਦੇ ਹਨ। ਇਸ ਤੋਂ ਇਲਾਵਾ ਭਿੰਡੀ ਦਾ ਇੱਕ ਹੋਰ ਅਤੇ ਸਵਾਦ ਰੂਪ ਹੈ ਤੇ ਉਹ ਹੈ ਦਹੀਂ ਭਿੰਡੀ। ਦਹੀਂ ਭਿੰਡੀ ਬਣਾਉਣ ਵਿੱਚ ਬੇਹੱਦ ਆਸਾਨ ਹੈ ਜਿਸ ਨੂੰ ਦਹੀਂ ਪਾ ਕੇ ਬਣਾਇਆ ਜਾ ਸਕਦਾ ਹੈ। ਦਹੀਂ ਤੇ ਮਸਾਲਿਆਂ ਦੇ ਮਿਸ਼ਰਣ ਨਾਲ ਬਹੁਤ ਸਵਾਦ ਗ੍ਰੇਵੀ ਤਿਆਰ ਕੀਤੀ ਜਾਂਦੀ ਹੈ। ਦਹੀਂ ਭਿੰਡੀ ਆਮ ਤੌਰ 'ਤੇ ਹੈਦਰਾਬਾਦ ਵਿੱਚ ਕਾਫੀ ਮਸ਼ਹੂਰ ਹੈ ਜਿਸ ਨੂੰ ਹੈਦਰਾਬਾਦੀ ਭਿੰਡੀ, ਸ਼ਾਹੀ ਭਿੰਡੀ ਮਸਾਲਾ ਅਤੇ ਵੇਂਦਾਕੀ ਕੜੀ ਕਿਹਾ ਜਾਂਦਾ ਹੈ।

ਸਮੱਗਰੀ-ਦੋ ਚਮਚ ਤੇਲ, ਇੱਕ ਕੱਪ ਭਿੰਡੀ, ਇੱਕ ਪਿਆਜ਼, ਇੱਕ ਚਮਚ ਨਮਕ, ਇੱਕ ਚਮਚ ਹਲਦੀ, ਇੱਕ ਚਮਚ ਲਾਲ ਮਿਰਚ ਪਾਊਡਰ, ਇੱਕ ਚਮਚ ਧਨੀਆ ਪਾਊਡਰ, ਇੱਕ ਕੱਪ ਦਹੀਂ, ਇੱਕ ਚਮਚ ਰਾਈ, ਇੱਕ ਚਮਚ ਜ਼ੀਰ ਪਾਊਡਰ, ਇੱਕ ਚਮਚ ਉੜਦ ਦਾਲ, 10-12 ਕੜ੍ਹੀ ਪੱਤੇ, ਦੋ ਹਰੀਆਂ ਮਿਰਚਾਂ।

ਵਿਧੀ- ਇੱਕ ਪੈਨ ਵਿੱਚ ਤੇਲ ਗਰਮ ਕਰ ਕੇ ਇੱਕ ਕੱਪ ਭਿੰਡੀ ਪਾ ਕੇ ਭੁੰਨੋ। ਭਿੰਡੀ ਤੋਂ ਪਿੱਛੋਂ ਇਸ ਵਿੱਚ ਪਿਆਜ਼ ਪਾਓ ਅਤੇ ਗੋਲਡਨ ਬਰਾਊਨ ਹੋਣ ਤੱਕ ਭੁੰਨੋ। ਇਸ ਵਿੱਚ ਨਮਕ, ਹਲਦੀ, ਲਾਲ ਮਿਰਚ, ਧਨੀਆ ਅਤੇ ਜ਼ੀਰਾ ਪਾਊਡਰ ਪਾਓ। ਸਾਰੇ ਮਸਾਲਿਆਂ ਚੰਗੀ ਤਰ੍ਹਾਂ ਭੁੰਨ ਲਓ। ਇਸ ਤੜਕੇ ਨੂੰ ਕੜੀ ਵਿੱਚ ਮਿਲਾ ਲਓ। ਇਹ ਪੂਰੀ ਤਰ੍ਹਾਂ ਬਣ ਕੇ ਤਿਆਰ ਹੋ ਚੁੱਕੀ ਹੈ। ਇਸ ਨੂੰ ਗਰਮ-ਗਰਮ ਪਰੋਸਿਆ ਜਾ ਸਕਦਾ ਹੈ।












## ਦਿੱਲੀ ਹਾਈ ਕੋਰਟ ਦਾ ਫ਼ੈਸਲਾ:

# ਕਪੂਰਥਲਾ ਹਾਊਸ ਪੰਜਾਬ ਸਰਕਾਰ ਦੀ ਜਾਇਦਾਦ ਹੀ ਰਹੇਗਾ




ਚੰਡੀਗੜ੍ਹ, 7 ਅਗਸਤ (ਪੋਸਟ ਬਿਊਰੋ)- ਨਵੀਂ ਦਿੱਲੀ ਦਾ ਕਪੂਰਥਲਾ ਹਾਊਸ, ਜੋ ਇਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਹੈ, ਉਹ ਰਾਜ ਸਰਕਾਰ ਦੇ ਕੋਲ ਰਹੇਗਾ। ਭਾਰਤ ਸਰਕਾਰ ਦੀ ਮੰਗ ਪਿੱਛੋਂ ਦਿੱਲੀ ਹਾਈ ਕੋਰਟ ਨੇ ਕਪੂਰਥਲਾ ਦੇ ਮਰਹੂਮ ਮਹਾਰਾਜਾ ਦੀ ਇਸ ਆਲੀਸ਼ਾਨ ਜਾਇਦਾਦ ਨੂੰ ਵੇਚਣ ਦਾ ਅਧਿਕਾਰ ਰੱਦ ਕਰ ਦਿੱਤਾ ਹੈ।

ਦਿੱਲੀ ਹਾਈ ਕੋਰਟ ਦੇ ਬੀਤੀ 31 ਜੁਲਾਈ 2019 ਦੇ ਫੈਸਲੇ, ਜਿਸ ਦੀ ਕਾਪੀ ਮੰਗਲਵਾਰ ਮਿਲੀ ਹੈ, ਵਿਚ ਹਾਈ ਕੋਰਟ ਦੇ ਜਸਟਿਸ ਐੱਸ ਮੁਰਲੀਧਰ ਅਤੇ ਜਸਟਿਸ ਤਲਵੰਤ ਸਿੰਘ ਦੇ ਡਬਲ ਬੈਂਚ ਨੇ ਫੈਸਲਾ ਦਿੱਤਾ ਕਿ ਮਾਨ ਸਿੰਘ ਰੋਡ ਉੱਤੇ ਨੰਬਰ 3 ਦੀ ਜਾਇਦਾਦ ਵੇਚੀ ਨਹੀਂ ਜਾ ਸਕਦੀ, ਕਿਉਂਕਿ ਮਹਾਰਾਜਾ ਨੇ ਇਹ ਜਾਇਦਾਦ ਵੇਚਣ ਦਾ ਅਧਿਕਾਰ ਗੁਆ ਲਿਆ ਹੈ। ਅਦਾਲਤ ਵਿੱਚ ਇਸ ਕੇਸ ਬਾਰੇ ਪੰਜਾਬ ਸਰਕਾਰ ਵੱਲੋਂ ਸੀਨੀਅਰ ਐਡਵੋਕੇਟ ਕਪਿਲ ਸਿੱਬਲ ਨੇ ਪੈਰਵੀ ਕੀਤੀ। ਇਸ ਕੇਸ ਦੀ ਮੁੱਖ ਧਿਰ ਭਾਰਤ ਸਰਕਾਰ ਸੀ, ਜਿਸ ਨੇ ਆਪਣੇ ਪੱਖ ਵਿੱਚ ਕਿਹਾ ਕਿ ਉਸ ਨੇ ਪੰਜਾਬ ਨੂੰ ਇਸ ਦਾ ਸਹੀ ਹੱਕਦਾਰ ਸਮਝਦੇ ਹੋਏ ਇਸ ਦਾ ਕਬਜ਼ਾ ਪੰਜਾਬ ਸਰਕਾਰ ਨੂੰ ਦੇ ਦਿੱਤਾ ਹੈ।

ਪੰਜਾਬ ਸਰਕਾਰ ਵੱਲੋਂ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਦੱਸਿਆ ਕਿ ਪੈਪਸੂ (ਪਟਿਆਲਾ ਐਂਡ ਈਸਟ ਪੰਜਾਬ ਸਟੇਟ ਯੂਨੀਅਨ) ਵਿਚ ਸ਼ਾਮਲ ਹੋਣ ਤੋਂ ਪਹਿਲਾਂ ਅਤੇ ਇਸ ਤੋਂ ਬਾਅਦ ਪੈਪਸੂ ਦੇ ਭਾਰਤ ਸਰਕਾਰ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਕਪੂਰਥਲਾ ਰਿਆਸਤ ਸੀ। 4 ਦਸੰਬਰ 1950 ਨੂੰ ਭਾਰਤ ਸਰਕਾਰ ਨੇ ਰਾਧੇਸ਼ਿਆਮ ਮਖਨੀਲਾਲ ਸੇਕਸਰੀਆ ਤੋਂ ਇਸ ਦਾ ਕਬਜ਼ਾ ਲਿਆ ਸੀ, ਜਿਨ੍ਹਾਂ ਨੇ ਇਸ ਨੂੰ ਕਪੂਰਥਲਾ ਰਿਆਸਤ ਦੇ ਸਾਬਕਾ ਸ਼ਾਸਕ ਮਹਾਰਾਜਾ ਪਰਮਜੀਤ ਸਿੰਘ ਤੋਂ 10 ਜਨਵਰੀ 1950 ਨੂੰ 1.5 ਲੱਖ ਰੁਪਏ ਦੀ ਰਜਿਸਟਰਡ ਸੇਲ ਡੀਡ ਨਾਲ ਖਰੀਦਿਆ ਸੀ। ਵਿਵਾਦ ਉਦੋਂ ਪੈਦਾ ਹੋਇਆ ਸੀ, ਜਦੋਂ ਸੇਕਸਰੀਆ ਨੇ 1960 ਵਿੱਚ ਜ਼ਿਲ੍ਹਾ ਅਦਾਲਤ ਦਿੱਲੀ ਵਿਖੇ ਆਪਣੀ ਜਾਇਦਾਦ ਦੇ ਹੱਕ ਲਈ ਮੁਕੱਦਮਾ ਦਰਜ ਕੀਤਾ, ਜਿਹੜਾ 1967 ਵਿੱਚ ਦਿੱਲੀ ਹਾਈ ਕੋਰਟ ਨੂੰ ਭੇਜ ਦਿੱਤਾ ਗਿਆ। ਕੇਸ ਦੌਰਾਨ ਸੇਕਸਰੀਆ ਦਾ ਦੇਹਾਂਤ ਹੋ ਗਿਆ ਤੇ ਉਸ ਦੇ ਚਾਰ ਬੱਚਿਆਂ ਨੂੰ ਉਸ ਦੇ ਕਾਨੂੰਨੀ ਪ੍ਰਤੀਨਿਧ ਵਜੋਂ ਉਨ੍ਹਾਂ ਦੀ ਯੋਗਤਾ ਅਨੁਸਾਰ ਮੁੱਦਈ ਮੰਨਿਆ ਗਿਆ। ਫਿਰ ਸਾਲ 1989 ਵਿੱਚ ਹਾਈ ਕੋਰਟ ਦੇ ਜੱਜ ਨੇ ਮੁੱਦਈ ਧਿਰ ਦੇ ਹੱਕ ਵਿੱਚ ਇਸ ਆਧਾਰ ਉੱਤੇ ਫੈਸਲਾ ਕੀਤਾ ਕਿ 1952 ਦੇ ਐਕਟ ਹੇਠ 17 ਸਾਲ ਬੀਤਣ ਉੱਤੇ 1987 ਵਿਚ ਭਾਰਤ ਸਰਕਾਰ ਨੇ ਹੱਕ ਛੱਡ ਦਿੱਤਾ। ਇਸ ਪਿੱਛੋਂ ਪੰਜਾਬ ਸਰਕਾਰ ਨੇ ਅਪੀਲ ਕੀਤੀ ਤੇ ਹਾਈ ਕੋਰਟ ਦੀ ਡਵੀਜ਼ਨ ਬੈਂਚ ਨੇ ਕਿਹਾ ਕਿ ਮੁੱਦਈਆਂ ਦਾ ਜਾਇਦਾਦ ਉੱਤੇ ਕੋਈ ਅਧਿਕਾਰ ਨਹੀਂ। ਨੰਦਾ ਦੇ ਅਨੁਸਾਰ ਕਈ ਸਾਲਾਂ ਦੌਰਾਨ ਹਾਈ ਕੋਰਟ ਦੇ ਨਾਲ ਸੁਪਰੀਮ ਕੋਰਟ ਵਿੱਚ ਕਈ ਅਪੀਲਾਂ ਤੇ ਅਰਜ਼ੀਆਂ ਭੇਜੀਆਂ ਗਈਆਂ, ਜਿਸ ਨਾਲ ਆਖਰ ਪਟੀਸ਼ਨ ਕਰਤਾਵਾਂ ਵੱਲੋਂ ਆਪਣਾ ਕੇਸ ਲੜਨ ਲਈ ਆਰ ਟੀ ਆਈ ਦੀ ਵਰਤੋਂ ਨੂੰ ਵੀ ਰੱਦ ਕਰ ਦਿੱਤਾ ਗਿਆ, ਜੋ ਦਿੱਲੀ ਹਾਈ ਕੋਰਟ ਦੀ ਡਵੀਜ਼ਨ ਬੈਂਚ ਦੇ ਸਾਹਮਣੇ ਪੇਸ਼ ਹੋਈ ਸੀ। ਅਦਾਲਤ ਨੇ ਪਟੀਸ਼ਨਰ ਦਾ ਜਾਇਦਾਦ ਉੱਤੇ ਅਧਿਕਾਰ ਰੱਦ ਕਰ ਕੇ ਕਿਹਾ ਕਿ ਮਹਾਰਾਜਾ ਕਪੂਰਥਲਾ ਦਾ ਇਸ ਉੱਤੇ ਕੋਈ ਹੱਕ ਨਹੀਂ ਰਿਹਾ। ਇਸ ਲਈ ਅਦਾਲਤ ਪਟੀਸ਼ਨ ਕਰਤਾਵਾਂ ਦੇ ਪੁਰਖਿਆਂ ਨੂੰ ਜਾਇਦਾਦ ਦਾ ਹੱਕ ਉਨ੍ਹਾਂ ਨੂੰ ਬਿਲਕੁਲ ਨਹੀਂ ਦੇ ਸਕਦੀ।

# ਕੇਜਰੀਵਾਲ ਧਾਰਾ 370 ਬਾਰੇ ਮੋਦੀ ਦੇ ਨਾਲ ਖੜੈ ਤਾਂ ਕੰਵਰ ਸੰਧੂ ਵਿਰੋਧ ਕਿਉਂ ਕਰਦੈ: ਕੈ. ਅਮਰਿੰਦਰ

ਚੰਡੀਗੜ੍ਹ, 7 ਅਗਸਤ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਵਿੱਚ ਕੱਲ੍ਹ ਧਿਆਨ ਦਿਵਾਊ ਮਤੇ ਉੱਤੇ ਬੋਲਣ ਸਮੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਮ ਆਦਮੀ ਪਾਰਟੀ ਦੇ ਵਿਧਾਇਕ ਕੰਵਰ ਸੰਧੂ ਨੂੰ ਚੁੱਪ ਕਰਵਾ ਦਿੱਤਾ। ਸੰਧੂ ਨੇ ਕੇਂਦਰ ਸਰਕਾਰ ਵੱਲੋਂ ਜੰਮੂ-ਕਸ਼ਮੀਰ ਵਿੱਚ ਧਾਰਾ 370 ਹਟਾਉਣ ਦਾ ਵਿਰੋਧ ਕੀਤਾ ਸੀ। ਇਸ ਉਤੇ ਮੁੱਖ ਮੰਤਰੀ ਨੇ ਖੜੇ ਹੋ ਕੇ ਕੰਵਰ ਸੰਧੂ ਤੋਂ ਉਨ੍ਹਾਂ ਦੇ ਵਿਰੋਧ ਦਾ ਕਾਰਨ ਪੁੱਛਿਆ ਅਤੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਸੰਵਿਧਾਨ ਦੇ ਇਸ ਘਾਣ ਦਾ ਸਮਰਥਨ ਕੀਤਾ ਹੋਇਆ ਹੈ।

ਅਸਲ ਵਿੱਚ ਵਿਧਾਨ ਸਭਾ ਵਿੱਚ ਧਿਆਨ ਦਿਵਾਊ ਮਤੇ ਉੱਤੇ ਬੋਲਣ ਦੇ ਵਕਤ ਆਮ ਆਦਮੀ ਪਾਰਟੀ ਦੇ ਬਾਗੀ ਵਿਧਾਇਕ ਕੰਵਰ ਸੰਧੂ ਨੇ ਧਾਰਾ 370 ਖਤਮ ਕਰਨ ਅਤੇ ਜੰਮੂ ਕਸ਼ਮੀਰ ਨੂੰ ਕੇਂਦਰੀ ਰਾਜ ਦਾ ਦਰਜਾ ਦੇਣ ਦੇ ਨਰਿੰਦਰ ਮੋਦੀ ਸਰਕਾਰ ਦੇ ਫੈਸਲੇ ਉੱਤੇ ਸਦਨ ਦਾ ਧਿਆਨ ਦਿਵਾਇਆ ਸੀ। ਉਸ ਨੇ ਜੰਮੂ ਕਸ਼ਮੀਰ ਨੂੰ ਦੋ ਕੇਂਦਰੀ ਸ਼ਾਸਿਤ ਰਾਜਾਂ ਵਿੱਚ ਵੰਡਣ ਦੇ ਮੋਦੀ ਸਰਕਾਰ ਦੇ ਕਦਮ ਨੂੰ ਕੰਵਰ ਸੰਧੂ ਨੇ ਗੈਰ ਸੰਵਿਧਾਨਕ ਕਰਾਰ ਦਿੱਤਾ ਤੇ ਇਸ ਨੂੰ ਦੇਸ਼ ਦੀ ਕੇਂਦਰੀ ਢਾਂਚੇ ਉੱਤੇ ਹਮਲਾ ਕਰਾਰ ਦਿੱਤਾ। ਜਦ ਕੰਵਰ ਸੰਧੂ ਸਦਨ ਵਿੱਚ ਬੋਲ ਰਹੇ ਸਨ ਤਾਂ ਅਚਾਨਕ ਮੁੱਖ ਮੰਤਰੀ ਅਮਰਿੰਦਰ ਸਿੰਘ ਖੜ੍ਹੇ ਹੋ ਗਏ ਅਤੇ ਉਨ੍ਹਾਂ ਨੇ ਕਿਹਾ ਕਿ ਤੁਹਾਡੀ ਪਾਰਟੀ ਦੇ ਪ੍ਰਧਾਨ ਅਰਵਿੰਦ ਕੇਜਰੀਵਾਲ ਜਦ ਕੇਂਦਰ ਦੇ ਫੈਸਲੇ ਦਾ ਸਮਰਥਨ ਕਰ ਚੁੱਕੇ ਹਨ ਤਾਂ ਤੁਸੀਂ ਇਸ ਦਾ ਵਿਰੋਧ ਕਿਵੇਂ ਕਰ ਸਕਦੇ ਹੋ। ਕੈਪਟਨ ਅਮਰਿੰਦਰ ਸਿੰਘ ਨੇ ਕੰਵਰ ਸੰਧੂ ਤੋਂ ਇਹ ਵੀ ਪੁੱਛਿਆ ਕਿ ਤੁਸੀਂ ਕਿਸ ਪਾਸੇ ਹੋ। ਇਸ ਉਤੇ ਕੰਵਰ ਸੰਧੂ ਨੇ ਕਿਹਾ ਕਿ ਚੁਣੇ ਹੋਏ ਪ੍ਰਤੀਨਿਧੀ ਨੂੰ ਸਦਨ ਵਿੱਚ ਆਪਣਾ ਪੱਖ ਰੱਖਣ ਦੀ ਆਜ਼ਾਦੀ ਚਾਹੀਦੀ ਹੈ। ਹਰ ਵਿਅਕਤੀ ਦੀ ਆਪਣੀ ਸੋਚ ਹੁੰਦੀ ਹੈ ਤੇ ਉਸ ਨੂੰ ਸਦਨ ਵਿੱਚ ਰੱਖ ਸਕਦਾ ਹੈ। ਵਰਨਣ ਯੋਗ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿਦ ਕੇਜਰੀਵਾਲ ਨੇ ਜੰਮੂ ਕਸ਼ਮੀਰ ਬਾਰੇ ਕੇਂਦਰ ਦੇ ਫੈਸਲੇ ਦਾ ਸਮਰਥਨ ਕਰਦੇ ਹੋਏ ਕਿਹਾ ਸੀ ਕਿ ਇਸ ਨਾਲ ਰਾਜ ਵਿੱਚ ਸ਼ਾਂਤੀ ਆਏਗੀ ਅਤੇ ਵਿਕਾਸ ਦੇ ਦਰਵਾਜ਼ੇ ਖੁੱਲ੍ਹਣਗੇ।



## ਜਲੰਧਰੋਂ ਚੋਰੀ ਹੋਈਆਂ ਗੱਡੀਆਂ ਜੇ ਐਂਡ ਕੇ ਵਿਕਦੀਆਂ ਨੇ

ਜਲੰਧਰ, 7 ਅਗਸਤ (ਪੋਸਟ ਬਿਊਰੋ)- ਜਲੰਧਰ ਸ਼ਹਿਰ ਤੋਂ ਚੋਰੀ ਹੋਈਆਂ ਗੱਡੀਆਂ ਜੰਮੂ-ਕਸ਼ਮੀਰ ਵਿੱਚ ਵੇਚੀਆਂ ਜਾ ਰਹੀਆਂ ਹਨ। ਪਿੱਛੇ ਜਿਹੇ ਪੁਲਸ ਨੂੰ ਸੂਹ ਮਿਲੀ ਕਿ ਥਾਣਾ ਸੱਤ ਦੇ ਇਲਾਕੇ ਤੋਂ ਚੋਰੀ ਹੋਈਆਂ ਬ੍ਰਿਜ਼ਾ ਗੱਡੀਆਂ ਜੇ ਐਂਡ ਕੇ ਵਿੱਚ ਹਨ, ਜਿਨ੍ਹਾਂ ਨੂੰ ਜਾਅਲੀ ਦਸਤਾਵੇਜ਼ ਬਣਾ ਕੇ ਵੇਚਿਆ ਗਿਆ ਹੈ। ਪੁਲਸ ਇਸ ਗੈਂਗ ਨੂੰ ਟਰੇਸ ਕਰਨ ਜੁਟੀ ਹੋਈ ਹੈ। ਕੁਝ ਸਮਾਂ ਪਹਿਲਾਂ ਲਗਾਤਾਰ ਥਾਣਾ ਸੱਤ ਦੇ ਇਲਾਕੇ ਤੋਂ ਦੋ ਬ੍ਰਿਜ਼ਾ ਗੱਡੀਆਂ ਚੋਰੀਆਂ ਹੋਈਆਂ ਸਨ, ਜਿਨ੍ਹਾਂ ਦੇ ਜੇ ਐਂਡ ਕੇ ਵਿੱਚ ਇਨਪੁਟ ਮਿਲੇ ਹਨ। ਪੁਲਸ ਨੇ ਵੀ ਆਪਣਾ ਜਾਲ ਵਿਛਾਉਣਾ ਸ਼ੁਰੂ ਕਰ ਦਿੱਤੀ ਹੈ।

ਪਤਾ ਲੱਗਾ ਹੈ ਕਿ ਚੋਰੀ ਕਰਨ ਵਾਲਾ ਗੈਂਗ ਉਥੇ ਹੈ, ਜਿਸ ਨੂੰ ਜਲੰਧਰ ਪੁਲਸ ਨੇ ਫੜਿਆ ਸੀ ਅਤੇ ਇਸ ਗੈਂਗ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ 100 ਦੇ ਕਰੀਬ ਗੱਡੀਆਂ ਚੋਰੀ ਕਰ ਕੇ ਜੰਮੂ-ਕਸ਼ਮੀਰ ਵਿੱਚ ਵੇਚੀਆਂ ਸਨ। ਗੈਂਗ ਦਾ ਸਰਗਣਾ ਸ਼ਬੀਰ ਅਹਿਮਦ ਅਜੇ ਜੇਲ੍ਹ ਵਿੱਚ ਹੈ। ਸ਼ਬੀਰ ਅਹਿਮਦ ਦੇ ਗੈਂਗ ਵਿੱਚ ਗੱਡੀਆਂ ਚੋਰੀ ਵਾਲੇ ਵੱਖਰੇ ਮੈਂਬਰ ਹਨ ਅਤੇ ਜੰਮੂ-ਕਸ਼ਮੀਰ ਲਿਜਾਣ ਤੋਂ ਬਾਅਦ ਉਨ੍ਹਾਂ ਦੇ ਜਾਅਲੀ ਦਸਤਾਵੇਜ਼ ਤਿਆਰ ਕਰਨ ਪਿੱਛੋਂ ਵੇਚਣ ਵਾਲੇ ਵੱਖਰੇ ਗੈਂਗ ਦੇ ਮੈਂਬਰ ਹਨ। ਇਹ ਗੈਂਗ ਜੰਮੂ-ਕਸ਼ਮੀਰ ਵਿੱਚ ਜ਼ਿਆਦਾਤਰ ਦਹਿਸ਼ਤਗਰਦੀ ਵਾਲੇ ਇਲਾਕਿਆਂ ਵਿੱਚ ਗੱਡੀਆਂ ਵੇਚਦਾ ਹੈ। ਥਾਣਾ ਅੱਠ ਦੇ ਸਾਬਕਾ ਇੰਸਪੈਕਟਰ ਨਵਦੀਪ ਸਿੰਘ ਨੇ ਫੌਜ ਹੱਥੋਂ ਮਾਰੇ ਗਏ ਜ਼ਾਕਿਰ ਮੂਸਾ ਦੇ ਰਿਸ਼ਤੇਦਾਰ ਸ਼ਬੀਰ ਅਹਿਮਦ ਨੂੰ ਫੜਿਆ ਸੀ। ਸ਼ਬੀਰ ਉਥੇ ਚੋਰ ਗਿਰੋਹ ਦਾ ਸਰਗਣਾ ਸੀ, ਜਿਸ ਦੇ ਗੈਂਗ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਸੌ ਦੇ ਕਰੀਬ ਗੱਡੀਆਂ ਚੋਰੀ ਕਰ ਕੇ ਉਥੇ ਵੇਚੀਆਂ ਸਨ। ਪੁਲਸ ਨੇ ਦੋਸ਼ੀਆਂ ਤੋਂ ਚਾਰ ਚੋਰੀ ਦੀਆਂ ਗੱਡੀਆਂ ਬਰਾਮਦ ਕੀਤੀਆਂ ਹਨ। ਸ਼ਬੀਰ ਕੁਝ ਹੀ ਸੈਕਿੰਡ ਵਿੱਚ ਗੱਡੀਆਂ ਦਾ ਲਾਕ ਖੋਲ੍ਹ ਲੈਂਦਾ ਸੀ।

## ਟਿਕ-ਟਾਕ ਉੱਤੇ ਚੰਡੀਗੜ੍ਹ ਦੀ ਲੇਡੀ ਹੈੱਡ ਕਾਂਸਟੇਬਲ ਦਾ ਟਸ਼ਨ, ਵਿਭਾਗੀ ਜਾਂਚ ਸ਼ੁਰੂ

ਚੰਡੀਗੜ੍ਹ, 7 ਅਗਸਤ (ਪੋਸਟ ਬਿਊਰੋ)- ਗੁਜਰਾਤ ਅਤੇ ਹੋਰ ਰਾਜਾਂ ਵਿੱਚ ਪੁਲਸ ਮੁਲਾਜ਼ਮਾਂ ਦੇ ਟਿਕ ਟਾਕ 'ਤੇ ਵੀਡੀਓ ਬਣਾਉਣ ਦਾ ਕ੍ਰੇਜ਼ ਖੂਬ ਸਾਹਮਣੇ ਆ ਰਿਹਾ ਹੈ। ਇਸ ਵਾਰੀ ਚੰਡੀਗੜ੍ਹ ਪੁਲਸ ਦੀਆਂ ਦੋ ਮਹਿਲਾ ਪੁਲਸ ਮੁਲਾਜ਼ਮਾਂ ਦੀ ਟਿਕ ਟਾਕ ਵੀਡੀਓ ਵੀ ਚਰਚਾ ਵਿੱਚ ਆ ਜਾਣ ਕਾਰਨ ਜਾਂਚ ਸ਼ੁਰੂ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਦੋ ਵੀਡੀਓ ਵਿੱਚ ਉਹ ਅਲੱਗ-ਅਲੱਗ ਗੱਡੀਆਂ ਵਿੱਚ ਵਰਦੀ ਪਹਿਨੇ ਸਟਾਈਲ ਮਾਰਦੀਆਂ ਨਜ਼ਰ ਆ ਰਹੀਆਂ ਹਨ। ਪਹਿਲਾ ਵੀਡੀਓ ਲੇਡੀ ਹੈੱਡ ਕਾਂਸਟੇਬਲ ਗੁਰਪ੍ਰੀਤ ਕੌਰ ਨੇ ਥਾਰ ਜੀਪ ਵਿੱਚ ਸਵਾਰ ਹੋ ਕੇ ਬਣਾਇਆ ਹੈ। ਇਸ ਨੂੰ ਸੈਕਟਰ 17 ਦੇ ਵੂਮੈਨ ਪੁਲਸ ਥਾਣੇ ਦੇ ਅੱਗੇ ਬਣਾਇਆ ਗਿਆ ਹੈ। ਸਫੈਦ ਕਾਰ ਵਿੱਚ ਬਣਾਈ ਦੂਸਰੀ ਵੀਡੀਓ ਸ਼ਹਿਰ ਦੀ ਕਿਸੇ ਦੂਸਰੀ ਜਗ੍ਹਾ ਬਣਾਈ ਗਈ ਹੈ। ਇਸ ਵਿੱਚ ਮਹਿਲਾ ਹੈੱਡ ਕਾਂਸਟੇਬਲ ਦੂਸਰੀ ਮਹਿਲਾ ਪੁਲਸ ਮੁਲਾਜ਼ਮ ਨਾਲ ਐਕਸ਼ਨ ਕਰਦੀ ਨਜ਼ਰ ਆ ਰਹੀ ਹੈ। ਥਾਰ ਜੀਪ ਵਾਲੀ ਟਿਕ ਟਾਕ ਵੀਡੀਓ ਦਾ ਨੋਟਿਸ ਲੈ ਕੇ ਅਧਿਕਾਰੀਆਂ ਨੇ ਵਿਭਾਗੀ ਸ਼ੁਰੂ ਕਰ ਦਿੱਤੀ ਹੈ। ਦੋਵਾਂ ਮਹਿਲਾ ਪੁਲਸ ਮੁਲਾਜ਼ਮ ਆਪੋ ਵਿੱਚ ਚੰਗੀਆਂ ਦੋਸਤ ਦੱਸੀਆਂ ਜਾ ਰਹੀਆਂ ਹਨ। ਮਹਿਲਾ ਹੈਡ ਕਾਂਸਟੇਬਲ ਗੁਰਪ੍ਰੀਤ ਕੌਰ ਸੈਕਟਰ 17 ਪੁਲਸ ਸਟੇਸ਼ਨ ਵਿੱਚ ਤੈਨਾਤ ਹੈ। ਦੂਸਰੀ ਟਿਕ ਟਾਕ ਵੀਡੀਓ ਵਿੱਚ ਗੁਰਪ੍ਰੀਤ ਕੌਰ ਨਾਲ ਨਜ਼ਰ ਆ ਰਹੀ ਇੱਕ ਹੋਰ ਮਹਿਲਾ ਪੁਲਸ ਮੁਲਾਜ਼ਮ ਦੀ ਪਛਾਣ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ। ਚੰਡੀਗੜ੍ਹ ਪੁਲਸ ਦੀ ਮਹਿਲਾ ਹੈਡ ਕਾਂਸਟੇਬਲ ਗੁਰਪ੍ਰੀਤ ਕੌਰ ਦੇ ਟਿਕ ਟਾਕ ਅਕਾਊਂਟ 'ਤੇ ਕੁੱਲ ਤਿੰਨ ਲੱਖ 87 ਹਜ਼ਾਰ 400 ਲਾਈਕਸ, 48 ਹਜ਼ਾਰ 400 ਫਾਲੋਅਰਸ ਹਨ। ਇਸ ਨਾਲ ਗੁਰਪ੍ਰੀਤ ਕੌਰ 26 ਲੋਕਾਂ ਨੂੰ ਫਾਲੋ ਕਰ ਰਹੀ ਹੈ। ਆਈ ਡੀ ਅਕਾਊਂਟ 'ਤੇ ਲਿਖਿਆ ਹੋਇਆ ਹੈ ਕਿ ਸਾਈਬਰ ਕ੍ਰਾਈਮ ਚੰਡੀਗੜ੍ਹ।

## ਜਾਇਦਾਦ ਟੈਕਸ ਵਿੱਚ ਕੈਂਸਰ ਸੈਸ ਦੀ ਵਸੂਲੀ ਸ਼ੁਰੂ




ਜਲੰਧਰ, 7 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਲੋਕਾਂ ਉੱਤੇ ਪਹਿਲਾਂ ਹੀ ਬਿਜਲੀ, ਪਾਣੀ ਅਤੇ ਹੋਰ ਸਹੂਲਤਾਂ 'ਤੇ ਕਈ ਤਰ੍ਹਾਂ ਦੇ ਸਰਚਾਰਜ, ਸੈਸ ਲਾਏ ਗਏ ਹਨ, ਪਰ ਅੱਗੋਂ ਕੁਝ ਨਿਗਮਾਂ ਕਮੇਟੀਆਂ ਨੇ ਜਾਇਦਾਦ ਟੈਕਸ ਦੀ ਵਸੂਲੀ ਵਿੱਚ ਕੈਂਸਰ ਸੈਸ ਵਸੂਲੀ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

ਇਸ ਕੰਮ ਲਈ ਪੰਜਾਬ ਦੀਆ ਕੁਝ ਕਮੇਟੀਆਂ ਅਤੇ ਨਿਗਮਾਂ ਵਿੱਚ ਵਿਸ਼ੇਸ਼ ਤੌਰ 'ਤੇ ਨਵੇਂ ਬਣਾਏ ਸਾਫਟਵੇਅਰ ਵਿੱਚ ਹੀ ਦੋ ਫੀਸਦੀ ਕੈਂਸਰ ਸੈਸ ਵਸੂਲ ਕਰਨਾ ਫੀਡ ਕਰ ਦਿੱਤਾ ਗਿਆ ਹੈ। ਵਿਭਾਗੀ ਅਫਸਰ ਦਾਅਵਾ ਕਰਦੇ ਹਨ ਕਿ ਇਹ ਸੈਸ ਪਹਿਲਾਂ ਵੀ ਵਸੂਲ ਕੀਤਾ ਜਾਂਦਾ ਰਿਹਾ ਹੈ। ਜਿਹੜਾ ਸੈਸ ਵਸੂਲ ਕੀਤਾ ਜਾਵੇਗਾ, ਉਸ ਦੀ ਬਣਦੀ ਕੁੱਲ ਰਕਮ ਉਲਾਗੂ ਕਰਨ ਤੋਂ ਬਾਅਦ ਕਈਆਂ ਲਈ ਪ੍ਰੇਸ਼ਾਨੀ ਖੜੀ ਹੋ ਗਈ ਹੈ। ਦੱਸਿਆ ਜਾਂਦਾ ਹੈ ਕਿ ਨਵੇਂ ਸਾਫਟਵੇਅਰ ਵਿੱਚ ਜਾਇਦਾਦ ਟੈਕਸ ਬਾਰੇ ਸਾਲ 2014-15 ਤੋਂ ਬਾਅਦ ਦੀ ਜਾਣਕਾਰੀ ਦਰਜ ਹੈ। ਜਦੋਂ ਸਾਲ 2013-14 ਵਿੱਚ ਜਾਇਦਾਦ ਟੈਕਸ ਲਾਗੂ ਕੀਤਾ ਗਿਆ ਸੀ ਤਾਂ ਕਲੈਕਟਰ ਰੇਟਾਂ 'ਤੇ ਇਹ ਲਾਗੂ ਕੀਤਾ ਸੀ। ਲੋਕਾਂ ਦੇ ਵਿਰੋਧ ਨੂੰ ਦੇਖਦਿਆਂ ਬਾਅਦ 'ਚ ਜਾਇਦਾਦ ਕਰ ਦੇ ਰੇਟ ਆਸਾਨ ਤਰੀਕੇ ਨਾਲ ਲਾਗੂ ਕਰ ਦਿੱਤੇ ਗਏ ਸਨ।

## ਮੁਕਤਸਰ ਵਿੱਚ ਰਾਜਸਥਾਨ ਪੁਲਸ ਦੇ ਗੇੜੇ ਪਹਿਲਾਂ ਤੋਂ ਵਧੇ

ਮੁਕਤਸਰ ਸਾਹਿਬ, 7 ਅਗਸਤ (ਪੋਸਟ ਬਿਊਰੋ)- ਰਾਜਸਥਾਨ ਪੁਲਸ ਦੇ ਮੁਕਤਸਰ ਵਿੱਚ ਪਿਛਲੇ ਦੋ ਹਫਤਿਆਂ ਤੋਂ ਵੱਜ ਰਹੇ ਗੇੜਿਆਂ ਬਾਰੇ ਜਾਣਕਾਰੀ ਮਿਲੀ ਹੈ। ਇਥੋਂ ਦੀ ਬੂੜਾ ਗੁੱਜਰ ਦੇ ਤਿੰਨ ਵਿਅਕਤੀ ਰਾਜਸਥਾਨ ਪੁਲਸ ਨੇ ਨਾਜਾਇਜ਼ ਹਥਿਆਰਾਂ, ਚੋਰੀ ਤੇ ਨਸ਼ੇ ਸਣੇ ਹੋਰ ਕਈ ਮਾਮਲਿਆਂ 'ਚ ਨਾਮਜ਼ਦ ਕੀਤੇ ਹੋਏ ਹਨ। ਇਸ ਮਾਮਲੇ 'ਚ ਮੁਕਤਸਰ ਪੁਲਸ ਪੂਰੀ ਤਰ੍ਹਾਂ ਅਣਜਾਣ ਬਣੀ ਹੋਈ ਹੈ। ਕੱਲ੍ਹ ਦੁਪਹਿਰ ਵੇਲੇ ਜੋਧਪੁਰ ਤੋਂ ਆਈ ਪੁਲਸ ਨੇ ਸ਼ੱਕੀ ਮੁਲਜ਼ਮਾਂ ਦੇ ਘਰਾਂ ਦੀ ਤਲਾਸ਼ੀ ਲਈ। ਬਰਾਮਦਗੀ ਬਾਰੇ ਭਾਵੇਂ ਪੁਲਸ ਨੇ ਕੁਝ ਨਹੀਂ ਦੱਸਿਆ, ਪਰ ਸ਼ੱਕ ਕੀਤਾ ਜਾਂਦਾ ਹੈ ਕਿ ਉਹ ਹਥਿਆਰ ਤੇ ਨਸ਼ੇ ਦੀ ਭਾਲ 'ਚ ਇਥੇ ਆਈ ਸੀ। ਜੋਧਪੁਰ ਥਾਣੇ ਦੇ ਮੁਖੀ ਧਰਮਿੰਦਰ ਸਿੰਘ ਦੀ ਅਗਵਾਈ ਹੇਠ ਅੱਠ ਮੁਲਾਜ਼ਮਾਂ ਨੇ ਤਿੰਨ ਘੰਟੇ ਤੱਕ ਬੂੜਾ ਗੁੱਜਰ ਰੋਡ ਬਾਈਪਾਸ ਉਤੇ ਸੁਖਮੰਦਰ ਸਿੰਘ ਦੇ ਘਰ ਦੀ ਤਲਾਸ਼ੀ ਲਈ। ਉਨ੍ਹਾਂ ਮੁਕਤਸਰ ਪੁਲਸ ਨੂੰ ਸੱਦਿਆ। ਮੁਕਤਸਰ ਪੁਲਸ ਨੇ ਰਾਜਸਥਾਨ ਪੁਲਸ ਨਾਲ ਗੱਲਬਾਤ ਕੀਤੀ ਤੇ ਦੋਵੇਂ ਆਪੋ ਆਪਣੇ ਰਾਹ ਪੈ ਗਏ।

ਮਿਲੀ ਜਾਣਕਾਰੀ ਅਨੁਸਾਰ ਬੀਤੀ 22 ਜੁਲਾਈ ਨੂੰ ਵੀ ਕਰੀਬ ਦਰਜਨ ਭਰ ਰਾਜਸਥਾਨ ਦੇ ਪੁਲਸ ਮੁਲਾਜ਼ਮਾਂ ਨੇ ਇਕ ਘੰਟਾ ਇਸ ਘਰ ਦੇ ਹਰ ਕੋਨੇ ਦੀ ਤਲਾਸ਼ੀ ਲਈ ਸੀ। ਸਤਨਾਮ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤ ਮਨਦੀਪ ਸਿੰਘ ਅਤੇ ਜਵਾਈ ਸੁਖਮੰਦਰ ਸਿੰਘ ਨਸ਼ਾ ਕਰਨ ਦੇ ਆਦੀ ਹਨ ਅਤੇ ਉਨ੍ਹਾਂ ਦੇ ਕਹਿਣੇ ਤੋਂ ਬਾਹਰ ਹਨ। ਉਹ ਕਈ ਦਿਨਾਂ ਦੇ ਬਾਹਰ ਗਏ ਹਨ। ਉਨ੍ਹਾਂ ਦੱਸਿਆ ਕਿ 22 ਜੁਲਾਈ ਨੂੰ ਪੁਲਸ ਦੇ ਆਉਣ ਮਗਰੋਂ ਉਨ੍ਹਾਂ ਦੇ ਫੋਨ ਬੰਦ ਹਨ। ਉਨ੍ਹਾਂ ਨੂੰ 30 ਜੁਲਾਈ ਨੂੰ ਪਤਾ ਲੱਗਾ ਕਿ ਉਸ ਦੇ ਪੁੱਤਰ ਤੇ ਜਵਾਈ ਨੂੰ ਰਾਜਸਥਾਨ ਪੁਲਸ ਨੇ ਹਥਿਆਰਾਂ ਦੀ ਨਾਜਾਇਜ਼ ਵਰਤੋਂ ਅਤੇ ਚੋਰੀ ਦੇ ਕੇਸ 'ਚ ਫੜਿਆ ਹੈ।

## ਅਕਾਲ ਤਖਤ ਦੇ ਜਥੇਦਾਰ ਨੇ ਕਿਹਾ: ਕਸ਼ਮੀਰੀਆਂ ਨਾਲ ਧੱਕਾ ਨਾ ਹੋਵੇ



ਸ੍ਰੀ ਆਨੰਦਪੁਰ ਸਾਹਿਬ, 7 ਅਗਸਤ (ਪੋਸਟ ਬਿਊਰੋ)- ਜਥੇਦਾਰ ਸ੍ਰੀ ਅਕਾਲ ਤਖਤ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਪੰਡਤ ਜਵਾਹਰ ਲਾਲ ਨਹਿਰੂ ਤੇ ਇੰਦਰਾ ਗਾਂਧੀ ਦੇ ਸਮੇਂ ਪੰਜਾਬੀਆਂ ਨਾਲ ਹੋਏ ਧੱਕੇ ਵਾਂਗ ਕਸ਼ਮੀਰੀਆਂ ਨਾਲ ਧੱਕਾ ਨਹੀਂ ਹੋਣਾ ਚਾਹੀਦਾ। ਉਹ ਕੇਂਦਰ ਸਰਕਾਰ ਵੱਲੋਂ ਧਾਰਾ 370 ਖਤਮ ਕਰਨ ਬਾਰੇ ਪ੍ਰਤੀਕਰਮ ਦੇ ਰਹੇ ਸਨ।

ਕੱਲ੍ਹ ਏਥੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਸ਼ਮੀਰੀਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਦਿਆਂ ਕਿਹਾ ਕਿ 1947 ਦੀ ਵੰਡ ਵੇਲੇ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਦੇ ਨਾਲ ਵੱਡੇ ਧੱਕੇ ਹੋਏ, ਜਿਸ ਤਹਿਤ ਪੰਜਾਬੀ ਬੋਲਦੇ ਇਲਾਕੇ ਸੂਬੇ ਤੋਂ ਬਾਹਰ ਕਰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਇਹ ਭਾਰਤ ਸਰਕਾਰ ਦਾ ਫਰਜ਼ ਬਣਦਾ ਹੈ ਕਿ ਕਸ਼ਮੀਰੀਆਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ ਅਤੇ ਸਿੱਖਾਂ ਦਾ ਧਿਆਨ ਰੱਖਿਆ ਜਾਵੇ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਨੂੰ ਸਾਂਝੇ ਤੌਰ ਉਤੇ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਾਲਮੇਲ ਕਮੇਟੀ ਦੀ 14 ਅਗਸਤ ਨੂੰ ਬੈਠਕ ਸੱਦੀ ਗਈ ਹੈ ਤੇ ਸਰਕਾਰ ਨੂੰ ਦੋ ਨੁਮਾਇੰਦੇ ਭੇਜਣ ਲਈ ਲਿਖਿਆ ਗਿਆ ਹੈ।


ਇਸ ਦੌਰਾਨ ਇਥੇ ਪਹੁੰਚੇ ਜ਼ਿਲਾ ਕਾਂਗਰਸ ਦੇ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਫੈਡਰਲ ਢਾਂਚੇ ਦੀਆਂ ਗੱਲਾਂ ਕਰਨ ਵਾਲੇ ਅਕਾਲੀ ਦਲ ਨੂੰ ਭਾਜਪਾ ਤੋਂ ਵੱਡਾ ਖਤਰਾ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਅੱਜ ਕਸ਼ਮੀਰ ਸ਼ਾਂਤ ਹੈ, ਪਰ ਇਹ ਤੂਫਾਨ ਤੋਂ ਪਹਿਲਾਂ ਦੀ ਸ਼ਾਂਤੀ ਜਾਪਦੀ ਹੈ।

## ਬਲੈਕਮੇਲ ਕਰਕੇ ਸਵਾ ਦੋ ਲੱਖ ਰੁਪਏ ਠੱਗਣ ਵਾਲੇ ਚਾਰ ਔਰਤਾਂ ਸਣੇ ਸੱਤਾਂ ਉਤੇ ਕੇਸ ਦਰਜ

ਭੋਗਪੁਰ, 7 ਅਗਸਤ (ਪੋਸਟ ਬਿਊਰੋ)- ਲੋਕਾਂ ਨੂੰ ਪ੍ਰੇਮ ਜਾਲ ਵਿੱਚ ਫਸਾ ਬਲੈਕਮੇਲ ਕਰਕੇ ਠੱਗੀ ਕਰਨ ਵਾਲੇ ਗਰੋਹ ਦਾ ਪਰਦਾ ਫਾਸ਼ ਕਰਕੇ ਥਾਣਾ ਭੋਗਪੁਰ ਦੀ ਪੁਲਸ ਨੇ ਚਾਰ ਔਰਤਾਂ ਸਣੇ ਸੱਤ ਲੋਕਾਂ ਉੱਤੇ ਕੇਸ ਦਰਜ ਕੀਤਾ ਹੈ।

ਇਸ ਸੰਬੰਧ ਵਿੱਚ ਭੋਗਪੁਰ ਦੇ ਇਕ ਦੁਕਾਨਦਾਰ ਨੇ ਪੁਲਸ ਨੂੰ ਦੱਸਿਆ ਕਿ 25 ਜੂਨ ਨੂੰ ਉਸ ਦੇ ਫੋਨ ਉਤੇ ਕਿਸੇ ਔਰਤ ਦਾ ਫੋਨ ਆਇਆ, ਜਿਸ ਨੇ ਕਿਹਾ ਕਿ ਉਹ ਕਿਸੇ ਕੰਮ ਲਈ ਮਿਲਣਾ ਚਾਹੁੰਦੀ ਹੈ। ਉਸ ਵੱਲੋਂ ਆਪਣੀ ਦੁਕਾਨ ਦਾ ਪਤਾ ਦੱਸਣ ਉਤੇ ਦੋ ਔਰਤਾਂ ਉਸ ਦੀ ਦੁਕਾਨ 'ਤੇ ਆ ਗਈਆਂ ਅਤੇ ਮਿੱਠੀਆਂ ਤੇ ਅਸ਼ਲੀਲ ਗੱਲਾਂ ਵਿੱਚ ਉਸ ਨੂੰ ਉਲਝਾ ਲਿਆ। ਉਕਤ ਔਰਤਾਂ 'ਚੋਂ ਇਕ ਔਰਤ ਬਾਥਰੂਮ ਜਾਣ ਦਾ ਬਹਾਨਾ ਬਣਾ ਕੇ ਦੁਕਾਨ ਦੀ ਉਪਰੀ ਮੰਜ਼ਿਲ 'ਤੇ ਚੜ੍ਹ ਗਈ। ਜਦ ਉਹ ਉਸ ਔਰਤ ਨੂੰ ਬਾਹਰ ਕੱਢਣ ਲਈ ਗਿਆ ਤਾਂ ਦੂਸਰੀ ਔਰਤ ਵੀ ਦੁਕਾਨ ਦੀ ਉਪਰਲੀ ਮੰਜ਼ਿਲ ਉਤੇ ਆ ਗਈ ਅਤੇ ਉਸ ਉਤੇ ਕੋਈ ਜ਼ਹਿਰੀਲਾ ਸਪਰੇਅ ਕਰ ਦਿੱਤਾ। ਇਸ ਦੇ ਬਾਅਦ ਦੋਵਾਂ ਔਰਤਾਂ ਨੇ ਉਸ ਦੇ ਕੱਪੜੇ ਉਤਾਰ ਕੇ ਉਸ ਦੀ ਵੀਡੀਓ ਬਣਾ ਲਈ ਅਤੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਉਨ੍ਹਾਂ ਔਰਤਾਂ ਦੇ ਤਿੰਨ ਪੁਰਸ਼ ਸਾਥੀ ਅਸ਼ਵਨੀ ਕੁਮਾਰ ਉਰਫ ਸੋਨੂੰ, ਅਸ਼ਵਨੀ ਕੁਮਾਰ ਉਰਫ ਗੋਲਡੀ ਵਾਸੀ ਅਜੀਤ ਨਗਰ ਜਲੰਧਰ ਅਤੇ ਅਸ਼ਵਨੀ ਕੁਮਾਰ ਉਰਫ ਰਾਜੂ ਪੁੱਤਰ ਮੂਲ ਚੰਦ ਵਾਸੀ ਕਿਸ਼ਨਪੁਰਾ ਜਲੰਧਰ ਅਤੇ ਦੋ ਔਰਤਾਂ ਕਾਰ ਉਤੇ ਸਵਾਰ ਹੋ ਕੇ ਉਸ ਦੀ ਦੁਕਾਨ ਦੇ ਬਾਹਰ ਪਹੁੰਚੇ ਅਤੇ ਅੰਦਰ ਆਣ ਵੜੇ। ਇਹ ਸਾਰੇ ਲੋਕ ਦੁਕਾਨਦਾਰ ਨੂੰ ਧਮਕੀ ਦੇਣ ਲੱਗੇ ਕਿ ਤੂੰ ਸਾਡੀਆਂ ਔਰਤਾਂ ਨਾਲ ਗਲਤ ਹਰਕਤ ਕੀਤੀ ਹੈ, ਜਿਸ ਦੀ ਮੂਵੀ ਸਾਡੇ ਕੋਲ ਹੈ, ਇਸ ਲਈ ਸਾਡੇ ਨਾਲ ਸਮਝੌਤਾ ਕਰ ਲਵੋ, ਨਹੀਂ ਤਾਂ ਵੀਡੀਓ ਨੂੰ ਵਾਇਰਲ ਕਰ ਦੇਵਾਂਗੇ। ਇਸ ਦੌਰਾਨ ਬਾਜ਼ਾਰ ਦੇ ਕੁਝ ਦੁਕਾਨਦਾਰ ਇਕੱਠੇ ਹੋ ਗਏ ਤਾਂ ਰਾਜ਼ੀਨਾਮੇ ਦਾ ਦਬਾਅ ਪਾਉਣ ਵਾਲੇ ਲੋਕਾਂ ਨੇ ਉਸ ਤੋਂ ਪੰਜ ਲੱਖ ਰੁਪਏ ਦੀ ਮੰਗ ਕੀਤੀ ਅਤੇ ਦੋ ਲੱਖ 20 ਹਜ਼ਾਰ ਰੁਪਏ ਦਾ ਸੌਦਾ ਹੋਇਆ। ਅਸ਼ਵਨੀ ਕੁਮਾਰ ਗੋਲਡੀ ਨੇ ਦੁਕਾਨਦਾਰ ਨੂੰ ਦੋ ਦਿਨ ਦਾ ਟਾਈਮ ਦੇ ਕੇ ਉਸ ਤੋਂ ਦੋ ਲੱਖ 20 ਹਜ਼ਾਰ ਰੁਪਏ ਦਾ ਚੈਕ ਗਾਰੰਟੀ ਵਜੋਂ ਲਿਆ ਅਤੇ ਵਾਅਦੇ ਅਨੁਸਾਰ ਦੋ ਦਿਨ ਬਾਅਦ ਅਸ਼ਵਨੀ ਕੁਮਾਰ ਗੋਲਡੀ ਉਹ ਚੈਕ ਮੋੜ ਕੇ ਦੋ ਲੱਖ 20 ਹਜ਼ਾਰ ਰੁਪਏ ਲੈ ਗਿਆ।

## ਕੈਂਸਰ ਨੇ ਮਾਲਵਾ ਪੱਟੀ ਪਿੱਛੋਂ ਲੁਧਿਆਣਾ ਤੇ ਅੰਮ੍ਰਿਤਸਰ ਵਿੱਚ ਵੀ ਪੈਰ ਪਸਾਰੇ



ਬਠਿੰਡਾ, 7 ਅਗਸਤ (ਪੋਸਟ ਬਿਊਰੋ)- ਪੰਜਾਬ ਵਿੱਚ ਲਗਾਤਾਰ ਫੈਲ ਰਹੀ ਕੈਂਸਰ ਦੀ ਬਿਮਾਰੀ ਗੰਭੀਰ ਮੁੱਦਾ ਬਣਦਾ ਜਾਂਦਾ ਹੈ। ਮਾਲਵਾ ਪੱਟੀ ਤੋਂ ਸ਼ੁਰੂ ਹੋਏ ਕੈਂਸਰ ਨੇ ਹੋਰਨਾਂ ਖੇਤਰਾਂ ਵਿਚ ਵੀ ਆਪਣੇ ਪੈਰ ਪਸਾਰ ਲਏ ਹਨ।

ਸਰਕਾਰੀ ਅੰਕੜਿਆਂ ਮੁਤਾਬਕ ਛੇ ਸਾਲਾਂ ਵਿਚ 53 ਹਜ਼ਾਰ ਤੋਂ ਵੱਧ ਮਰੀਜ਼ਾਂ ਨੇ ਪੰਜਾਬ ਸਰਕਾਰ ਤਕ ਇਲਾਜ ਲਈ ਪਹੁੰਚ ਕੀਤੀ ਹੈ। ਪੰਜਾਬ ਸਰਕਾਰ ਇਨ੍ਹਾਂ ਮਰੀਜ਼ਾਂ ਦੇ ਇਲਾਜ 684 ਕਰੋੜ 44 ਲੱਖ 28 ਹਜ਼ਾਰ 77 ਰੁਪਏ ਜਾਰੀ ਕਰ ਚੁੱਕੀ ਹੈ। ਕੈਂਸਰ ਦੇ ਕਾਰਨ ਜਾਣਨ ਲਈ ਕਈ ਸਰਵੇ ਹੋਏ, ਪਰ ਇਸ ਦੀ ਤਹਿ ਤਕ ਨਹੀਂ ਜਾਇਆ ਜਾ ਸਕਿਆ। ਮਾਲਵਾ ਖੇਤਰ ਅੰਦਰ ਕੋਈ ਵਿਰਲਾ ਘਰ ਹੋਵੇਗਾ ਜਿੱਥੇ ਕੈਂਸਰ ਦਾ ਮਰੀਜ਼ ਨਾ ਹੋਵੇ। ਪੰਜਾਬ ਸਰਕਾਰ ਤੇ ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ ਰਾਜ ਵਿੱਚ 37,318 ਮੌਤਾਂ ਕੈਂਸਰ ਨਾਲ ਹੋ ਚੁੱਕੀਆਂ ਹਨ। ਪਿਛਲੇ ਚਾਰ ਸਾਲਾਂ ਵਿਚ 50 ਹਜ਼ਾਰ ਤੋਂ ਵਧੇਰੇ ਮਰੀਜ਼ ਵੱਖ ਵੱਖ ਹਸਪਤਾਲਾਂ ਤੋਂ ਆਪਣਾ ਇਲਾਜ ਕਰਵਾ ਰਹੇ ਹਨ।

ਪਤਾ ਲੱਗਾ ਹੈ ਕਿ ਸਾਲ 2012 ਵਿਚ ਪੰਜਾਬ ਦੇ ਕੁੱਲ 6027 ਕੈਂਸਰ ਮਰੀਜ਼ਾਂ ਨੇ ਇਲਾਜ ਲਈ ਪੰਜਾਬ ਸਰਕਾਰ ਤੱਕ ਪਹੁੰਚ ਕੀਤੀ, ਸਾਲ 2013 ਵਿਚ 5565 ਕੈਂਸਰ ਦੇ ਮਰੀਜ਼ ਸਰਕਾਰ ਕੋਲ ਵਿਚ ਪੁੱਜੇ। ਸਾਲ 2014 ਵਿਚ ਇਲਾਜ ਲਈ ਸਰਕਾਰ ਤੱਕ ਪਹੁੰਚ ਕਰਨ ਵਾਲੇ ਮਰੀਜ਼ਾਂ ਦੀ ਗਿਣਤੀ 8121 ਹੋ ਗਈ। ਸਾਲ 2015 ਵਿਚ 8150, ਸਾਲ 2016 ਵਿੱਚ 8925 ਤਕ ਕੈਂਸਰ ਮਰੀਜ਼ਾਂ ਦੀ ਗਿਣਤੀ ਹੋ ਗਈ। ਸਾਲ 2017 ਵਿਚ 8799 ਕੈਂਸਰ ਪੀੜਤਾਂ ਨੇ ਸਰਕਾਰ ਤਕ ਪਹੁੰਚ ਕੀਤੀ। ਸਾਲ 2018 ਦੌਰਾਨ 7425 ਕੈਂਸਰ ਮਰੀਜ਼ਾਂ ਨੇ ਇਲਾਜ ਲਈ ਸਰਕਾਰ ਕੋਲ ਗੁਹਾਰ ਲਾਈ। ਇਸ ਸਾਲ ਦੇ ਤਿੰਨ ਮਹੀਨਿਆਂ ਵਿਚ 2516 ਕੈਂਸਰ ਮਰੀਜ਼ਾਂ ਨੇ ਸਰਕਾਰ ਤਕ ਪਹੁੰਚ ਕੀਤੀ ਹੈ। ਇਨ੍ਹਾਂ ਸਾਰੇ ਮਰੀਜ਼ਾਂ ਲਈ ਸਰਕਾਰ ਨੇ ਮੁੱਖ ਮੰਤਰੀ ਕੈਂਸਰ ਰਾਹਤ ਫ਼ੰਡ ਤੋਂ ਡੇਢ ਡੇਢ ਲੱਖ ਰੁਪਏ ਦੀ ਰਾਸ਼ੀ ਸਬੰਧਿਤ ਹਸਪਤਾਲਾਂ ਨੂੰ ਜਾਰੀ ਕੀਤੀ ਹੈ।

ਇਸ ਬਾਰੇ ਦੱਸਿਆ ਗਿਆ ਹੈ ਕਿ ਛੇ ਸਾਲਾਂ ਵਿੱਚ ਸਭ ਤੋਂ ਵੱਧ ਕੈਂਸਰ ਮਰੀਜ਼ ਲੁਧਿਆਣਾ ਦੇ ਅਤੇ ਦੂਜਾ ਨੰਬਰ ਅੰਮ੍ਰਿਤਸਰ ਦਾ ਰਿਹਾ ਹੈ। ਸਾਲ 2012 ਦੌਰਾਨ ਸਭ ਤੋਂ ਵੱਧ ਲੁਧਿਆਣਾ ਦੇ 622 ਅਤੇ ਦੂਜੇ ਨੰਬਰ ਉੱਤੇ ਅੰਮ੍ਰਿਤਸਰ ਦੇ 593, ਸਾਲ 2013 ਵਿੱਚ ਅੰਮ੍ਰਿਤਸਰ ਦੇ ਸਭ ਤੋਂ ਵੱਧ 634 ਤੇ ਲੁਧਿਆਣਾ 520, ਸਾਲ 2014 ਵਿੱਚ ਸਭ ਤੋਂ ਵੱਧ ਅੰਮ੍ਰਿਤਸਰ ਵਿੱਚ 914 ਤੇ ਲੁਧਿਆਣਾ ਵਿੱਚ 888, ਸਾਲ 2015 ਵਿੱਚ ਅੰਮ੍ਰਿਤਸਰ ਵਿੱਚ 961 ਅਤੇ ਲੁਧਿਆਣਾ ਵਿੱਚ 809, ਸਾਲ 2016 ਵਿੱਚ ਅੰਮ੍ਰਿਤਸਰ ਵਿੱਚ 1052 ਤੇ ਸੰਗਰੂਰ ਵਿੱਚ 758 ਅਤੇ ਸਾਲ 2017 ਵਿੱਚ ਸਭ ਤੋਂ ਜ਼ਿਆਦਾ ਅੰਮ੍ਰਿਤਸਰ 847 ਤੇ ਲੁਧਿਆਣਾ ਵਿੱਚ 842 ਕੈਂਸਰ ਮਰੀਜ਼ ਪਤਾ ਲੱਗੇ ਹਨ। ਸਾਲ 2018 ਵਿਚ ਅੰਮ੍ਰਿਤਸਰ ਵਿੱਚ 876 ਤੇ ਲੁਧਿਆਣਾ ਵਿੱਚ 710, ਸਾਲ 2019 ਦੇ ਤਿੰਨ ਮਹੀਨਿਆਂ ਵਿਚ ਅੰਮ੍ਰਿਤਸਰ ਦੇ ਸਭ ਤੋਂ ਵੱਧ 336 ਅਤੇ ਦੂਜੇ ਨੰਬਰ ਉੱਤੇ ਸੰਗਰੂਰ ਦੇ 255 ਕੈਂਸਰ ਮਰੀਜ਼ ਸਾਹਮਣੇ ਆਏ।

## ਸ਼ਹਿਰੀ ਖੇਤਰ ਵਿੱਚ ਐਡੀਸ਼ਨਲ ਸੈੱਸ ਦਾ ਬਿੱਲ ਵਿਧਾਨ ਸਭਾ ਵਿੱਚ ਪੇਸ਼



ਚੰਡੀਗੜ੍ਹ, 7 ਅਗਸਤ (ਪੋਸਟ ਬਿਊਰੋ)- ਪੰਜਾਬ ਸਰਕਾਰ ਦੀ ਵਿੱਤੀ ਹਾਲਤ ਸੁਧਾਰਨ ਲਈ ਆਰਥਿਕ ਵਸੀਲੇ ਜੋੜਨ ਵਾਸਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸ਼ਹਿਰੀ ਲੋਕਾਂ ਉੱਤੇ ਐਡੀਸ਼ਨਲ ਸੈੱਸ ਲਾਉਣ ਲੱਗੀ ਹੈ। ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੇ ਆਖਰੀ ਦਿਨ 'ਦਿ ਪੰਜਾਬ ਅਰਬਨ ਟ੍ਰਾਂਸਪੋਰਟ ਫੰਡ ਬਿੱਲ 2019' ਪਾਸ ਕਰ ਦਿੱਤਾ ਗਿਆ ਹੈ, ਜਿਸ ਦਾ ਉਦੇਸ਼ ਸ਼ਹਿਰੀ ਖੇਤਰਾਂ 'ਚ ਟ੍ਰਾਂਸਪੋਰਟ ਦੇ ਵਿਕਾਸ ਲਈ ਅਰਬਨ ਟਰਾਂਸਪੋਰਟ ਫੰਡ ਦਾ ਐਡੀਸ਼ਨਲ ਸੈੱਸ ਲਾਉਣਾ ਹੈ। ਇਸ ਬਿੱਲ ਮੁਤਾਬਕ ਇਹ ਐਡੀਸ਼ਨਲ ਸੈੱਸ ਹਾਈ ਸਪੀਡ ਡੀਜ਼ਲ ਅਤੇ ਪੈਟਰੋਲ ਉਤੇ 10 ਪੈਸੇ ਪ੍ਰਤੀ ਲੀਟਰ ਲਾਇਆ ਜਾਵੇਗਾ। ਵਾਹਨਾਂ ਦੀਆਂ ਵੈਨਿਟੀ ਪਲੇਟ ਉਥੇ 10 ਫੀਸਦੀ, ਪੁਰਾਣੇ ਵੀ ਆਈ ਪੀ ਨੰਬਰਾਂ ਨੂੰ ਕਾਇਮ ਰੱਖਣ ਅਤੇ 0001 ਸਿੰਗਲ ਡਿਜ਼ਿਟ ਵਾਲੇ ਨੰਬਰ ਉਤੇ 25 ਹਜ਼ਾਰ ਰੁਪਏ ਐਡੀਸ਼ਨਲ ਸੈੱਸ ਲਾਇਆ ਜਾਵੇਗਾ। ਇਸ ਤੋਂ ਇਲਾਵਾ 0002-0009 ਨੰਬਰ ਤੱਕ ਦੇ ਵਾਹਨ ਨੰਬਰਾਂ 'ਤੇ 10 ਹਜ਼ਾਰ ਰੁਪਏ ਅਤੇ 0010-99 ਤੱਕ ਵਾਲੇ ਨੰਬਰਾਂ 'ਤੇ ਪੰਜ ਹਜ਼ਾਰ ਅਤੇ 0100-9999 ਵਾਲੇ ਨੰਬਰਾਂ 'ਤੇ ਦੋ ਹਜ਼ਾਰ ਰੁਪਏ ਐਡੀਸ਼ਨਲ ਸੈੱਸ ਵਸੂਲਿਆ ਜਾਵੇਗਾ।

ਲੋਕਲ ਬਾਡੀਜ਼ ਵਿਭਾਗ ਦੇ ਮੰਤਰੀ ਬ੍ਰਹਮ ਮਹਿੰਦਰਾ ਵੱਲੋਂ ਪੇਸ਼ ਕੀਤਾ ਇਹ ਬਿੱਲ ਬਿਨਾਂ ਬਹਿਸ ਦੇ ਕਾਹਲੀ ਵਿੱਚ ਪਾਸ ਕਰ ਦਿੱਤਾ ਗਿਆ, ਜਦੋਂ ਵਿਰੋਧੀ ਪਾਰਟੀ ਅਕਾਲੀ ਦਲ ਦੇ ਮੈਂਬਰ ਇਸ ਬਿੱਲ ਉੱਤੇ ਬਹਿਸ ਲਈ ਸਦਨ ਵਿੱਚ ਰੌਲਾ ਪਾਉਂਦੇ ਰਹਿ ਗਏ। ਇਹ ਬਿੱਲ ਪੇਸ਼ ਹੋਣ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ ਸਦਨ ਵਿੱਚ ਨਾਅਰੇਬਾਜ਼ੀ ਕਰ ਰਹੇ ਸਨ, ਜਿਸ ਕਾਰਨ ਸ਼ੋਰ-ਸ਼ਰਾਬੇ ਦੌਰਾਨ ਹਾਕਮ ਧਿਰ ਦੇ ਮੈਂਬਰਾਂ ਦੀ ਸਹਿਮਤੀ ਨਾਲ ਬਿੱਲ ਪਾਸ ਕਰ ਦਿੱਤਾ ਗਿਆ। ਇਸ ਦੌਰਾਨ ਪਾਸ ਹੋਏ ਪੰਜਾਬ ਅਰਬਨ ਟਰਾਂਸਪੋਰਟ ਫੰਡ ਐਕਟ 2019 ਦੇ ਗਜ਼ਟ ਨੋਟੀਫਿਕੇਸ਼ਨ ਦੇ ਜਾਰੀ ਹੋਣ ਪਿੱਛੋਂ ਇਹ ਸੈੱਸ ਲਾਗੂ ਕੀਤਾ ਜਾਵੇਗਾ, ਜਿਸ ਦੀ ਵਸੂਲੀ ਤੇ ਵਰਤੋਂ ਦੇ ਕੰਮ ਲਈ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਅਰਬਨ ਟਰਾਂਸਪੋਰਟ ਫੰਡ ਮੈਨੇਜਮੈਂਟ ਕਮੇਟੀ ਬਣਾਈ ਜਾਵੇਗੀ, ਜਿਸ ਦੇ ਉਪ ਚੇਅਰਮੈਨ ਲੋਕਲ ਬਾਡੀਜ਼ ਮੰਤਰੀ ਹੋਣਗੇ ਤੇ ਇਸ ਕਮੇਟੀ ਵਿੱਚ ਸੱਤ ਹੋਰ ਮੈਂਬਰ ਸ਼ਾਮਲ ਕੀਤੇ ਜਾਣਗੇ।

ਵਿਧਾਨ ਸਭਾ ਸੈਸ਼ਨ ਵਿੱਚ ਕੱਲ੍ਹ ਦੋ ਹੋਰ ਬਿੱਲ ਵੀ ਪਾਸ ਕੀਤੇ ਗਏ। ਇਨ੍ਹਾਂ ਵਿੱਚ ਦਿ ਪੰਜਾਬ ਟ੍ਰਾਂਸਪੇਰੈਂਸੀ ਇਨ ਪਬਲਿਕ ਪ੍ਰਕਿਓਰਮੈਂਟ ਬਿੱਲ 2019 ਅਤੇ ਮੰਤਰੀਆਂ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਦੀਆਂ ਤਨਖਾਹਾਂ ਤੇ ਹੋਰ ਸਹੂਲਤਾਂ ਉੱਤੇ ਲੱਗਣ ਵਾਲੇ ਇਨਕਮ ਟੈਕਸ ਬਾਰੇ ਬਿੱਲ ਸ਼ਾਮਲ ਹਨ। ਪ੍ਰਕਿਓਰਮੈਂਟ ਬਾਰੇ ਬਿੱਲ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੇਸ਼ ਕੀਤਾ, ਜਿਸ ਦਾ ਮਕਸਦ ਫਸਲ ਖਰੀਦ ਦੇ ਕੰਮ ਵਿੱਚ ਪਾਰਦਰਸ਼ਿਤਾ ਲਿਆਉਣਾ ਹੈ ਅਤੇ ਦੂਜਾ ਬਿੱਲ ਵੀ ਵਿੱਤ ਮੰਤਰੀ ਨੇ ਪੇਸ਼ ਕੀਤਾ, ਜਿਸ ਦਾ ਮਕਸਦ ਮੰਤਰੀਆਂ ਤੇ ਵਿਰੋਧੀ ਧਿਰ ਦੇ ਨੇਤਾਵਾਂ ਦੀਆਂ ਤਨਖਾਹਾਂ ਤੇ ਸਹੂਲਤਾਂ 'ਤੇ ਲੱਗਣ ਵਾਲੇ ਇਨਕਮ ਟੈਕਸ ਦੀ ਅਦਾਇਗੀ ਸਰਕਾਰ ਵੱਲੋਂ ਕੀਤੇ ਜਾਣਾ ਹੈ। ਇਸ ਬਿੱਲ ਦਾ ਅਕਾਲੀ ਦਲ ਦੇ ਮੈਂਬਰਾਂ ਵੱਲੋਂ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ 'ਚ ਵਿਰੋਧ ਕੀਤੇ ਜਾਣ ਦੇ ਬਾਵਜੂਦ ਸੱਤਾ ਧਿਰ ਦੇ ਬਹੁ ਗਿਣਤੀ ਮੈਂਬਰਾਂ ਦੀ ਸਹਿਮਤੀ ਨਾਲ ਪਾਸ ਕਰ ਦਿੱਤਾ ਗਿਆ।

## ਭਾਜਪਾ ਆਗੂ ਦਾ ਵਿਵਾਦਤ ਬਿਆਨ

# ਕੁਆਰੇ ਭਾਜਪਾ ਨੇਤਾ ਕਸ਼ਮੀਰੀ ਗੋਰੀਆਂ ਕੁੜੀਆਂ ਨਾਲ ਵਿਆਹ ਕਰਵਾਓ



ਮੁਜ਼ੱਫ਼ਰਨਗਰ, 7 ਅਗਸਤ (ਪੋਸਟ ਬਿਊਰੋ)- ਆਪਣੇ ਵਿਵਾਦਿਤ ਬਿਆਨਾਂ ਦੇ ਨਾਲ ਚਰਚਾ ਵਿੱਚ ਰਹਿਣ ਵਾਲੇ ਭਾਜਪਾ ਵਿਧਾਇਕ ਵਿਕਰਮ ਸੈਣੀ ਨੇ ਧਾਰਾ 370 ਬਾਰੇ ਵਿਵਾਦਿਤ ਟਿੱਪਣੀ ਕੀਤੀ ਅਤੇ ਮੋਦੀ ਸਰਕਾਰ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਵਿਵਾਦਿਤ ਬਿਆਨ ਦਿੱਤਾ ਹੈ ਕਿ ਦੇਸ਼ ਦੇ ਮੁਸਲਮਾਨਾਂ ਨੂੰ ਖੁਸ਼ ਹੋਣਾ ਚਾਹੀਦਾ ਹੈ ਕਿ ਉਹ ਬਿਨਾਂ ਕਿਸੇ ਡਰ ਦੇ ਗੋਰੀਆਂ ਕਸ਼ਮੀਰੀ ਲੜਕੀਆਂ ਨਾਲ ਵਿਆਹ ਕਰ ਸਕਦੇ ਹਨ। ਇਸ ਭਾਜਪਾ ਵਿਧਾਇਕ ਨੇ ਇਹ ਵੀ ਕਿਹਾ ਕਿ ਭਾਜਪਾ ਦੇ ਕੁੰਵਾਰੇ ਨੇਤਾ ਵੀ ਕਸ਼ਮੀਰ ਜਾ ਕੇ ਓਥੇ ਪਲਾਟ ਖਰੀਦ ਸਕਦੇ ਅਤੇ ਵਿਆਹ ਕਰ ਸਕਦੇ ਹਨ।

ਵਰਨਣ ਯੋਗ ਹੈ ਕਿ ਨਰੇਂਦਰ ਮੋਦੀ ਸਰਕਾਰ ਨੇ ਸੋਮਵਾਰ ਨੂੰ ਜੰਮੂ ਕਸ਼ਮੀਰ ਬਾਰੇ ਇੱਕ ਵੱਡਾ ਫੈਸਲਾ ਲਿਆ ਅਤੇ ਸੰਵਿਧਾਂਨ ਦੀ ਧਾਰਾ 370 ਹਟਾ ਕੇ ਜੰਮੂ ਕਸ਼ਮੀਰ ਤੋਂ ਇੱਕ ਰਾਜ ਦਾ ਦਰਜਾ ਵਾਪਸ ਲੈ ਲਿਆ ਹੈ। ਇਸ ਦੇ ਬਾਅਦ ਉਹ ਇੱਕ ਕੇਂਦਰ ਸ਼ਾਸਿਤ ਪ੍ਰਦੇਸ਼ ਹੈ ਤੇ ਇਸ ਨੂੰ ਮੁੱਖ ਤੌਰ ਉੱਤੇ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਪਹਿਲਾ ਹਿੱਸਾ ਜੰਮੂ-ਕਸ਼ਮੀਰ ਤੇ ਦੂਜਾ ਲੱਦਾਖ। ਸਰਕਾਰ ਦੇ ਪੱਤਰ ਮੁਤਾਬਕ ਜੰਮੂ ਕਸ਼ਮੀਰ ਕੇਂਦਰ ਸ਼ਾਸਿਤ ਪ੍ਰਦੇਸ਼ ਹੋਵੇਗਾ, ਪਰ ਓਥੇ ਵਿਧਾਨ ਸਭਾ ਹੋਵੇਗੀ। ਲੱਦਾਖ ਵੀ ਕੇਂਦਰ ਸ਼ਾਸਿਤ ਹੋਵੇਗਾ, ਪਰ ਓਥੇ ਵਿਧਾਨ ਸਭਾ ਨਹੀਂ ਹੋਵੇਗੀ।

ਮੁਜ਼ੱਫ਼ਰਨਗਰ ਵਿੱਚ ਹੋਏ ਪ੍ਰੋਗਰਾਮ ਵਿੱਚ ਭਾਜਪਾ ਵਿਧਾਇਕ ਨੇ 370 ਉੱਤੇ ਪ੍ਰਤੀਕ੍ਰਿਆ ਦਿੰਦੇ ਹੋਏ ਕਿਹਾ, ਮੋਦੀ ਜੀ ਨੇ ਸਾਡੇ ਸਾਰਿਆਂ ਦੇ ਸੁਪਨੇ ਨੂੰ ਮੰਜ਼ੂਰ ਕਰ ਲਿਆ ਹੈ। ਭਾਜਪਾ ਦੇ ਜੋ ਕੁੰਵਾਰੇ ਨੇਤਾ ਹਨ, ਉਹ ਕਸ਼ਮੀਰ ਵਿੱਚ ਜਾ ਕੇ ਵਿਆਹ ਕਰ ਸਕਦੇ ਹਨ, ਸਾਨੂੰ ਇਸ ਵਿੱਚ ਕੋਈ ਇਤਰਾਜ਼ ਨਹੀਂ। ਭਾਜਪਾ ਦੇ ਮੁਸਲਮਾਨ ਵਰਕਾਰਾਂ ਨੂੰ ਵੀ ਖੁਸ਼ ਹੋਣਾ ਚਾਹੀਦਾ ਹੈ ਕਿ ਉਹ ਗੋਰੀਆਂ ਕਸ਼ਮੀਰੀ ਲੜਕੀਆਂ ਨਾਲ ਵਿਆਹ ਕਰ ਹਨ।

# ਦਿੱਲੀ 'ਚ ਇਮਾਰਤ ਨੂੰ ਅੱਗ ਨਾਲ ਤਿੰਨ ਬੱਚਿਆਂ ਸਮੇਤ ਛੇ ਜ਼ਿੰਦਾ ਸੜੇ



*ਦਿੱਲੀ ਦੀ ਇਮਾਰਤ ਦਾ ਅੱਗ ਲੱਗਣ ਤੋਂ ਬਾਅਦ ਦਾ ਦ੍ਰਿਸ਼।*

ਨਵੀਂ ਦਿੱਲੀ, 7 ਅਗਸਤ (ਪੋਸਟ ਬਿਊਰੋ)- ਦਿੱਲੀ ਦੇ ਜਾਮੀਆ ਨਗਰ ਇਲਾਕੇ ਵਿੱਚ ਚਾਰ ਮੰਜ਼ਿਲਾ ਇਮਾਰਤ ਨੂੰ ਅੱਗ ਲੱਗਣ ਨਾਲ ਤਿੰਨ ਬੱਚਿਆਂ ਸਮੇਤ ਛੇ ਜਣਿਆਂ ਦੀ ਮੌਤ ਹੋ ਗਈ ਅਤੇ 13 ਹੋਰ ਬੁਰੀ ਤਰ੍ਹਾਂ ਝੁਲਸ ਗਏ। ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ। ਇਹ ਅੱਗ ਸਭ ਤੋਂ ਪਹਿਲਾਂ ਇਮਾਰਤ ਦੀ ਹੇਠਲੀ ਪਾਰਕਿੰਗ ਵਿੱਚ ਲੱਗੀ ਤੇ ਬਾਅਦ ਵਿੱਚ ਸਾਰੀ ਇਮਾਰਤ ਵਿੱਚ ਫੈਲ ਗਈ।

ਪਤਾ ਲੱਗਾ ਹੈ ਕਿ ਇਸ ਇਮਾਰਤ 'ਚ 13 ਫਲੈਟ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਪਰਵਾਰ ਰਹਿੰਦੇ ਹਨ। ਰਾਤ ਹੋਣ ਕਰ ਕੇ ਅੱਗ ਤੇਜ਼ੀ ਨਾਲ ਫੈਲੀ ਅਤੇ ਅੱਗ ਬੁਝਾਉਣ ਲਈ ਅੱਗ ਬੁਝਾਊ ਵਿਭਾਗ ਦੀਆਂ ਛੇ ਦੇ ਕਰੀਬ ਗੱਡੀਆਂ ਪੁੱਜੀਆਂ ਤਾਂ 20 ਲੋਕਾਂ ਨੂੰ ਬਚਾਅ ਲਿਆ ਗਿਆ। ਇਸ ਹਾਦਸੇ 'ਚ ਅੱਗ ਬੁਝਾਊ ਵਿਭਾਗ ਦੇ ਦੋ ਕਰਮਚਾਰੀ ਵੀ ਜ਼ਖਮੀ ਹੋ ਗਏ। ਦੱਸਿਆ ਗਿਆ ਹੈ ਕਿ ਅੱਗ ਲੱਗਣ ਸਮੇਂ ਫਲੈਟਾਂ 'ਚ ਅਫਰਾ ਤਫਰੀ ਮਚ ਗਈ ਅਤੇ ਪਾਰਕਿੰਗ 'ਚ ਖੜੀਆਂ ਕਾਰਾਂ ਅਤੇ ਹੋਰ ਵਾਹਨ ਵੀ ਸੜ ਕੇ ਸੁਆਹ ਹੋ ਗਏ। ਅੱਗ ਮੀਟਰ ਬੋਰਡ ਤੋਂ ਲੱਗੀ ਜੋ ਹੌਲੀ-ਹੌਲੀ ਫੈਲ ਗਈ। ਅੱਗ ਬੁਝਾਊ ਵਿਭਾਗ ਦੇ ਮੁਲਾਜ਼ਮਾਂ ਨੇ ਬਾਹਰ ਪੌੜੀ ਲਾ ਕੇ ਲੋਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ।

## ਡੋਨਾਲਡ ਟਰੰਪ ਨੇ ਕਸ਼ਮੀਰ ਬਾਰੇ ਵਿਚੋਲਗੀ ਦਾ ਰਾਗ ਇੱਕ ਵਾਰ ਫਿਰ ਅਲਾਪਿਆ

ਨਵੀਂ ਦਿੱਲੀ, 7 ਅਗਸਤ, (ਪੋਸਟ ਬਿਊਰੋ)- ਕਸ਼ਮੀਰ ਮੁੱਦੇ ਉੱਤੇ ਵਿਚੋਲਗੀ ਕਰਨ ਨੂੰ ਕਾਹਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਬਿਆਨ ਦਿੱਤਾ ਹੈ ਕਿ ਜੇ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਕਹਿਣ ਤਾਂ ਉਹ ਇਸ ਮੁੱਦੇ ਉੱਤੇ ਮਦਦ ਲਈ ਤਿਆਰ ਹਨ। ਟਰੰਪ ਦਾ ਇਹ ਵੀ ਕਹਿਣਾ ਹੈ ਕਿ ਇਸ ਸਬੰਧ ਵਿੱਚ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਦੋਵਾਂ ਦੇ ਆਗੂਆਂ ਨਾਲ ਗੱਲਬਾਤ ਕੀਤੀ ਹੈ।

ਭਾਰਤ ਸਰਕਾਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋ ਕਸ਼ਮੀਰ ਮੁੱਦੇ ਨੂੰ ਹੱਲ ਕਰਨ ਲਈ ਭਾਰਤ ਤੇ ਪਾਕਿਸਤਾਨ ਵਿਚਾਲੇ ਵਿਚੋਲਗੀ ਦੀ ਪੇਸ਼ਕਸ਼ ਨੂੰ ਸਾਫ ਤੌਰ ਉੱਤੇ ਰੱਦ ਕਰ ਕੇ ਦੁਹਰਾਇਆ ਹੈ ਕਿ ਇਹ ਦੁਵੱਲਾ ਮਾਮਲਾ ਹੈ, ਕਿਸੇ ਤੀਸਰੇ ਦੇ ਦਖਲ ਦੀ ਲੋੜ ਨਹੀਂ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਆਸੀਆਨ ਸਿਖ਼ਰ ਸੰਮੇਲਨ ਵਿੱਚ ਵਿਦੇਸ਼ ਮੰਤਰੀਆਂ ਨਾਲ ਬੈਠਕ ਦੇ ਦੂਸਰੇ ਦਿਨ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੂੰ ਮਿਲਣ ਮੌਕੇ ਕਹਿ ਦਿੱਤਾ ਹੈ ਕਿ ਕਸ਼ਮੀਰਬਾਰੇ ਕੋਈ ਚਰਚਾ ਸਿਰਫ਼ ਭਾਰਤ ਤੇ ਪਾਕਿਸਤਾਨ ਵਿਚਾਲੇ ਹੋ ਸਕਦੀ ਹੈ।ਜੈਸ਼ੰਕਰ ਨੇ ਮਾਈਕ ਪੋਂਪੀਓ ਨਾਲ ਬੈਠਕਪਿੱਛੋਂ ਟਵੀਟ ਕੀਤਾ, 'ਅੱਜ ਸਵੇਰੇ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੂੰ ਸਾਫ ਸ਼ਬਦਾਂ ਵਿੱਚਕਿਹਾ ਕਿ ਕਸ਼ਮੀਰ ਉੱਤੇ ਕੋਈ ਵੀ ਚਰਚਾ, ਜੇ ਸੰਭਵ ਹੈ ਤਾਂ ਉਹ ਸਿਰਫ਼ ਭਾਰਤ ਤੇ ਪਾਕਿਸਤਾਨ ਵਿਚਾਲੇ ਹੋਵੇਗੀ।'

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਪੱਤਰਕਾਰਾਂ ਨੇ ਕਸ਼ਮੀਰ ਮੁੱਦੇ ਉੱਤੇ ਵਿਚੋਲਗੀ ਬਾਰੇ ਸਵਾਲ ਪੁੱਛੇ ਤੇ ਜਵਾਬ ਵਿਚ ਟਰੰਪ ਨੇ ਕਿਹਾ ਸੀ ਕਿ ਜੇ ਭਾਰਤ-ਪਾਕਿ ਚਾਹੁਣ ਤਾਂ ਉਹ ਇਸ ਦੀ ਵਿਚੋਲਗੀ ਲਈ ਤਿਆਰ ਹਨ। ਟਰੰਪ ਨੇ ਕਿਹਾ, 'ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਉੱਤੇ ਹੈ, ਉਹ ਸ਼ਾਨਦਾਰ ਲੋਕ ਹਨ, ਜੇ ਉਹ ਚਾਹੁੰਦੇ ਹਨ ਕਿ ਇਸ ਮੁੱਦੇ ਉੱਤੇ ਮਦਦ ਲਈ ਕੋਈ ਦਖ਼ਲ ਦੇਵੇ। ਮੈਂ ਪਾਕਿਸਤਾਨ ਤੇ ਭਾਰਤ ਨਾਲਇਸ ਦੀ ਗੱਲਬਾਤ ਕੀਤੀ ਹੈ, ਕਿਉਂਕਿ ਲੰਮੇ ਸਮੇਂ ਤੋਂ ਲੜਾਈ ਚੱਲ ਰਹੀ ਹੈ।' ਟਰੰਪ ਨੇ ਨਾਲ ਕਿਹਾ, 'ਇਹ ਅਸਲ ਵਿੱਚਪ੍ਰਧਾਨ ਮੰਤਰੀ ਮੋਦੀ ਉੱਤੇ ਨਿਰਭਰ ਹੈ। ਮੈਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਮਿਲਿਆ, ਮੈਨੂੰ ਬਹੁਤ ਚੰਗਾ ਲੱਗਾ। ਮੈਨੂੰ ਲਗਦਾ ਹੈ ਕਿ ਦੋਵੇਂ (ਇਮਰਾਨ ਖ਼ਾਨ ਤੇ ਨਰਿੰਦਰ ਮੋਦੀ) ਸ਼ਾਨਦਾਰ ਵਿਅਕਤੀ ਹਨ। ਮੇਰਾ ਮਤਲਬ ਹੈ ਕਿ ਮੈਂ ਸੋਚਦਾ ਹਾਂ ਕਿ ਉਹ ਚੰਗੀ ਤਰ੍ਹਾਂ ਮਿਲ ਸਕਦੇ ਹਨ।'

## ਕੈ. ਅਮਰਿੰਦਰ ਦੇ ਦਾਦੇ ਨੇ ਜਨਰਲ ਡਾਇਰ ਨੂੰ ਵਧਾਈ ਦਿੱਤੀ ਸੀ

ਚੰਡੀਗੜ੍ਹ, 7 ਅਗਸਤ, (ਪੋਸਟ ਬਿਊਰੋ)- ਜਲ੍ਹਿਆਂਵਾਲਾ ਬਾਗ਼ ਕਤਲੇਆਮਦੇ ਦੋਸ਼ੀ ਜਨਰਲ ਡਾਇਰ ਦੇ ਸਵਾਲ ਉੱਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਿੜ ਗਏ ਹਨ। ਕੇਂਦਰ ਸਰਕਾਰ ਵੱਲੋਂਜਲ੍ਹਿਆਂਵਾਲਾ ਬਾਗ ਟਰੱਸਟ ਵਿੱਚ ਕਾਂਗਰਸ ਪ੍ਰਧਾਨ ਨੂੰ ਮੈਂਬਰ ਰੱਖੇ ਜਾਣ ਦੀ ਮੱਦ ਹਟਾਉਣ ਲਈ ਲਿਆਂਦੇ ਬਿੱਲ ਦੀ ਹਮਾਇਤ ਕਰਦੇ ਹੋਏ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਉਸ ਕਤਲੇਆਮ ਮਗਰੋਂ ਕੈਪਟਨ ਅਮਰਿੰਦਰ ਸਿੰਘ ਦੇ ਦਾਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਜਨਰਲ ਡਾਇਰ ਨੂੰ ਵਧਾਈ ਦਿੱਤੀ ਸੀ। ਜਵਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਹਰਸਿਮਰਤ ਕੌਰ ਬਾਦਲ ਆਦਤਨ ਝੂਠੀ ਹੈ।

ਵਰਨਣ ਯੋਗ ਹੈ ਕਿ ਜਨਰਲ ਡਾਇਰ ਨੂੰ ਵਧਾਈ ਅਤੇ ਸਿਰੋਪਾ ਭੇਟ ਕਰਨ ਬਾਰੇ ਖਾਨਦਾਨਾਂ ਦੀ ਖਿੱਚੋਤਾਣ ਉੱਭਰ ਕੇ ਬਾਹਰ ਆ ਗਈ ਹੈ। ਬੀਤੀ 25 ਫਰਵਰੀ ਨੂੰ ਉਸ ਵਕਤ ਦੇ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਤੇ ਪੰਜਾਬ ਦੇ ਕੋਆਪਰੇਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੋਵਾਂ ਨੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਉਨ੍ਹਾਂ ਦੇ ਭਰਾ ਅਕਾਲੀ ਵਿਧਾਇਕ ਬਿਕਰਮ ਸਿੰਘ ਮਜੀਠੀਆ ਦੇ ਪੜਦਾਦਾ ਸੁੰਦਰ ਸਿੰਘ ਮਜੀਠੀਆ ਨੂੰ ਅੰਗਰੇਜ਼ਾਂ ਦਾ ਪਿੱਠੂ ਕਿਹਾ ਸੀ।

# ਹਵਾਈ ਜਹਾਜ਼ ਵਿੱਚ ਸਿਗਰਟ ਪੀਣ ਵਾਲਾ ਬੰਦਾ ਗ੍ਰਿਫਤਾਰ



ਮੁੰਬਈ, 7 ਅਗਸਤ (ਪੋਸਟ ਬਿਊਰੋ)- ਇੰਡੀਗੋ ਦੀ ਆਬੂਧਾਬੀ ਤੋਂ ਮੁੰਬਈ ਜਾ ਰਹੀ ਇੱਕ ਉਡਾਣ ਦੌਰਾਨ 27 ਸਾਲ ਦੇ ਇੱਕ ਵਿਅਕਤੀ ਨੂੰ ਸਿਗਰਟ ਪੀਣ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਗਿਆ।

ਪੁਲਸ ਸੂਤਰਾਂ ਨੇ ਦੱਸਿਆ ਕਿ ਜਦੋਂ ਸੋਮਵਾਰ ਰਾਤ ਇਸ ਉਡਾਣ ਦੇ ਦੌਰਾਨ ਹਵਾਈ ਜਹਾਜ਼ ਦੀ ਟਾਇਲਟ 'ਚ ਸਿਗਰਟ ਬਾਲੇ ਜਾਣ ਕਾਰਨ ਧੂੰਏਂ ਦਾ ਅਲਾਰਮ ਵੱਜਣ ਲੱਗਾ ਤਾਂ ਹਵਾਈ ਜਹਾਜ਼ ਦੇ ਅਮਲੇ ਦੇ ਮੈਂਬਰ ਚੌਕਸ ਹੋ ਗਏ। ਉਨ੍ਹਾਂ ਤੁਰੰਤ ਟਾਇਲਟ ਦਾ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕੀਤੀ, ਪਰ ਉਹ ਅੰਦਰੋਂ ਬੰਦ ਸੀ। ਕਾਫੀ ਦੇਰ ਦੇ ਬਾਅਦ ਜਦੋਂ ਦਰਵਾਜ਼ੇ ਨੂੰ ਦੂਜੀ ਚਾਬੀ ਨਾਲ ਖੋਲ੍ਹਿਆ ਗਿਆ ਤਾਂ ਅੰਦਰ ਇੱਕ ਵਿਅਕਤੀ ਸਿਗਰਟ ਪੀ ਰਿਹਾ ਸੀ। ਹਵਾਈ ਜਹਾਜ਼ ਦੇ ਮੁੰਬਈ ਪਹੁੰਚਣ 'ਤੇ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਦੀ ਪਛਾਣ ਤੁਸ਼ਾਰ ਚੌਧਰੀ ਵਜੋਂ ਹੋਈ ਹੈ।

ਇਸ ਦੌਰਾਨ ਸਪੇਨ ਦੇ ਵਾਲੇਂਸੀਆ ਸਥਿਤ ਇੱਕ ਹਵਾਈ ਅੱਡੇ 'ਤੇ ਲੈਂਡਿੰਗ ਦੌਰਾਨ ਬ੍ਰਿਟਿਸ਼ ਏਅਰਵੇਜ਼ ਦੇ ਇੱਕ ਹਵਾਈ ਜਹਾਜ਼ ਅੰਦਰ ਅਚਾਨਕ ਧੂੰਆਂ ਭਰ ਗਿਆ। ਸਭ ਮੁਸਾਫਰਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਸਥਾਨਕ ਅਧਿਕਾਰੀਆਂ ਮੁਤਾਬਕ ਤਿੰਨ ਮੁਸਾਫਰਾਂ ਨੂੰ ਸਾਹ ਦੀ ਤਕਲੀਫ ਹੋਈ ਅਤੇ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ। ਕੁਝ ਵਿਅਕਤੀਆਂ ਨੇ ਐਮਰਜੈਂਸੀ ਦਰਵਾਜ਼ੇ 'ਚੋਂ ਹੇਠਾਂ ਛਾਲ ਮਾਰ ਦਿੱਤੀ, ਜਿਸ ਕਾਰਨ ਉਹ ਮਾਮੂਲੀ ਜ਼ਖਮੀ ਹੋ ਗਏ। ਹਵਾਈ ਜਹਾਜ਼ ਅੰਦਰ ਧੂੰਆਂ ਭਰਨ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਅੱਤਵਾਦੀ ਹਮਲੇ ਦੇ ਸ਼ੱਕ ਕਾਰਨ ਅਮਰਨਾਥ ਯਾਤਰਾ ਨੂੰ ਅਚਾਨਕ ਰੋਕ ਦਿੱਤਾ

ਜੰਮੂ/ ਸ੍ਰੀਨਗਰ, 7 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਸਰਕਾਰ ਦੇ ਗ੍ਰਹਿ ਵਿਭਾਗ ਨੇ ਅਚਾਨਕਹੀ ਹਦਾਇਤ ਜਾਰੀ ਕਰ ਕੇ ਕਸ਼ਮੀਰ ਘਾਟੀ ਵਿੱਚ ਆਏ ਹੋਏ ਸ੍ਰੀ ਅਮਰਨਾਥ ਯਾਤਰਾ ਦੇ ਸ਼ਰਧਾਲੂਆਂ ਅਤੇ ਟੂਰਿਸਟਾਂ ਨੂੰ ਕਹਿ ਦਿੱਤਾ ਹੈ ਕਿ ਉਹ ਮੌਜੂਦਾ ਕਾਨੂੰਨ ਵਿਵਸਥਾ ਦਾ ਧਿਆਨਰੱਖਦੇ ਹੋਏ ਆਪਣੇ ਘਰਾਂ ਨੂੰ ਛੇਤੀ ਪਰਤ ਜਾਣ।

ਸ੍ਰੀਨਗਰ ਤੋਂ ਮਿਲੀਆ ਰਿਪੋਰਟਾਂ ਮੁਤਾਬਕ ਇਸ ਰਾਜ ਦੀ ਪੁਲਿਸ ਨੇ ਖੁਫੀਆ ਸੂਚਨਾਵਾਂ ਦੇ ਆਧਾਰ ਉੱਤੇਇਹਸ਼ੱਕ ਪ੍ਰਗਟ ਕੀਤਾ ਹੈ ਕਿ ਅੱਤਵਾਦੀ ਹਮਲਾ ਹੋ ਸਕਦਾ ਹੈ। ਖੁਫੀਆ ਏਜੰਸੀਆਂ ਨੇ ਇਹ ਸੂਚਨਾ ਅਮਰਨਾਥ ਯਾਤਰਾ ਬਾਰੇਦਿੱਤੀ ਹੈ।ਇਸ ਪਿੱਛੋਂ ਕਸ਼ਮੀਰ ਘਾਟੀ ਵਿੱਚ ਆਏ ਸਾਰੇ ਟੂਰਿਸਟਾਂ ਤੇ ਅਮਰਨਾਥ ਯਾਤਰਾ ਵਿਚਲੇ ਸਭ ਸ਼ਰਧਾਲੂਆਂ ਨੂੰਪੁਲਿਸ ਨੇ ਚੌਕਸੀ ਹਦਾਇਤ ਜਾਰੀ ਕੀਤੀ ਤੇ ਇਨ੍ਹਾਂ ਨੂੰ ਛੇਤੀ ਤੋਂ ਛੇਤੀ ਘਰਾਂ ਨੂੰ ਮੁੜ ਜਾਣਲਈ ਹੁਕਮ ਜਾਰੀ ਕੀਤੇ ਹਨ।

ਦੱਸਿਆ ਗਿਆ ਹੈ ਕਿ ਸਰਹੱਦ ਪਾਰ ਤੋਂ ਕਸ਼ਮੀਰ ਵਿੱਚ ਜੈਸ਼-ਏ-ਮੁਹੰਮਦ ਦੇ ਪੰਜ ਨਵੇਂ ਅੱਤਵਾਦੀ ਕਮਾਂਡਰਾਂ ਦੀ ਘੁਸਪੈਠ ਦੀ ਸੂਚਨਾ ਪਿੱਛੋਂ ਪੂਰੀ ਕਸ਼ਮੀਰ ਵਾਦੀ ਵਿੱਚ ਹਾਈ ਅਲਰਟ ਜਾਰੀ ਕੀਤਾ ਗਿਆ ਹੈ।ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਅਤੇ ਲਸ਼ਕਰ-ਏ-ਤੋਇਬਾ ਵੱਲੋਂ ਆਪਣੇ ਲੋਕਲ ਨੈੱਟਵਰਕ ਰਾਹੀਂ ਅਮਰਨਾਥ ਯਾਤਰਾ ਨੂੰ ਨਿਸ਼ਾਨਾ ਬਣਾਉਣ ਤੇ ਵੱਡੀ ਪੱਧਰ ਉੱਤੇਅੱਤਵਾਦੀ ਸਰਗਰਮੀਆਂ ਕਰਨ ਦੀ ਸਾਜ਼ਿਸ਼ ਦੀ ਸੂਚਨਾ ਪਿੱਛੋਂਉਨ੍ਹਾਂ ਨੂੰ ਫੜਨ ਦੀ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਇਹੋ ਜਿਹੇ ਕਿਸੇ ਵੀ ਹਮਲੇ ਤੋਂ ਪੈਦਾ ਹੋਈ ਹਰ ਸਥਿਤੀ ਨਾਲ ਨਜਿੱਠਣ ਲਈ ਫ਼ੌਜ ਤੇ ਹਵਾਈ ਫ਼ੌਜ ਨੂੰ ਤਿਆਰ ਰਹਿਣ ਨੂੰ ਕਿਹਾ ਗਿਆ ਹੈ। ਇਸ ਨਾਲ ਪੂਰੀ ਕਸ਼ਮੀਰ ਵਾਦੀਦੇ ਇਲਾਕੇ ਵਿੱਚ ਸੁਰੱਖਿਆ ਵਿਵਸਥਾ ਵਧਾ ਦਿੱਤੀ ਗਈ ਤੇ ਸਾਰੇ ਅਹਿਮ ਅਦਾਰਿਆਂਵਿੱਚ ਵਾਧੂ ਸੁਰੱਖਿਆ ਫੋਰਸ ਲਾਈ ਹੈ। ਕਸ਼ਮੀਰ ਵਾਦੀ ਵਿਚਲੇ ਘੱਟ ਗਿਣਤੀਦੇ ਲੋਕਾਂ ਦੀਆਂ ਬਸਤੀਆਂ ਅਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਵਿੱਚ ਬਦਲਾਓ ਕਰ ਕੇ ਸੰਵੇਦਨਸ਼ੀਲ ਖੇਤਰਾਂ ਵਿੱਚਪੈਰਾ ਮਿਲਟਰੀ ਫੋਰਸਾਂ ਦੀ ਗਸ਼ਤ ਵਧਾਉਣ ਦੇ ਨਾਲ ਕਸ਼ਮੀਰ ਘਾਟੀ ਦੇ ਸਾਰੇ ਵਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਆਉਣ ਜਾਣ ਦੇ ਰਾਹਾਂ ਉੱਤੇ ਵਿਸ਼ੇਸ਼ ਨਾਕੇ ਤੇ ਚੌਕੀਆਂ ਬਣਾ ਦਿੱਤੀਆਂ ਹਨ।

## ਉਨਾਉ ਬਲਾਤਕਾਰ ਕੇਸ

# ਕਾਰ ਹਾਦਸੇ ਦੇ ਸਬੂਤਾਂ ਦੀਆਂ ਲੜੀਆਂ ਜੋੜ ਰਹੀ ਹੈ ਸੀ ਬੀ ਆਈ




ਲਖਨਊ, 7 ਅਗਸਤ (ਪੋਸਟ ਬਿਊਰੋ)- ਉਨਾਵ (ਮਾਖੀ) ਦੀ ਬਲਾਤਕਾਰ ਪੀੜਤਾ ਦੇ ਕਾਰ ਹਾਦਸਾ ਮਾਮਲੇ ਵਿੱਚ ਸੀ ਬੀ ਆਈ ਨੇ ਟਰੱਕ ਡਰਾਈਵਰ ਅਤੇ ਕਲੀਨਰ ਸਮੇਤ ਕਈ ਲੋਕਾਂ ਤੋਂ ਪੁੱਛਗਿੱਛ ਦੇ ਬਾਅਦ ਉਨ੍ਹਾਂ ਦੇ ਬਿਆਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਫੋਰੈਂਸਿਕ ਮਾਹਰ ਦੀ ਮਦਦ ਨਾਲ ਕੀਤੀ ਜਾਂਚ 'ਚ ਇਕੱਠੇ ਕੀਤੇ ਗਏ ਸਬੂਤਾਂ ਦੀਆਂ ਲੜੀਆਂ ਜੋੜੀਆਂ ਜਾ ਰਹੀਆਂ ਹਨ। ਸੀ ਬੀ ਆਈ ਹਾਦਸਾ ਜਾਂ ਹੱਤਿਆ ਵਾਲੇ ਸਾਰੇ ਨੁਕਤਿਆਂ ਉੱਤੇ ਆਪਣੀ ਪੜਤਾਲ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ। ਇਕ ਸੀ ਬੀ ਆਈ ਟੀਮ ਨੇ ਫੋਰੈਂਸਿਕ ਮਾਹਰਾਂ ਨਾਲ ਕੱਲ੍ਹ ਰਾਏਬਰੇਲੀ ਸਥਿਤ ਘਟਨਾ ਵਾਲੀ ਥਾਂ 'ਤੇ ਲੰਬੀ ਜਾਂਚ ਕੀਤੀ। ਕੁਝ ਚਸ਼ਮਦੀਦਾਂ ਤੋਂ ਵੀ ਨਵੇਂ ਸਿਰੇ ਤੋਂ ਪੁੱਛਗਿੱਛ ਕੀਤੀ।

ਅਸਲ ਵਿੱਚ ਇਕ ਦਿਨ ਪਹਿਲਾਂ ਸੀ ਬੀ ਆਈ ਟਰੱਕ ਡਰਾਈਵਰ ਆਸ਼ੀਸ਼ ਤੇ ਕਲੀਨਰ ਮੋਹਨ ਨੂੰ ਲੈ ਕੇ ਘਟਨਾ ਵਾਲੀ ਥਾਂ ਗਈ ਸੀ ਅਤੇ ਉਨ੍ਹਾਂ ਤੋਂ ਮੌਕੇ ਉਤੇ ਪੂਰੇ ਘਟਨਾਕ੍ਰਮ ਦੀ ਜਾਣਕਾਰੀ ਲੈਣ ਦੇ ਨਾਲ ਹੀ ਵੱਖ-ਵੱਖ ਪੱਖਾਂ ਦੀ ਜਾਂਚ ਕੀਤੀ ਸੀ। ਸੀ ਬੀ ਆਈ ਕਿਸੇ ਨਤੀਜੇ 'ਤੇ ਪਹੁੰਚਣ ਤੋਂ ਪਹਿਲਾਂ ਘਟਨਾ ਵਾਲੀ ਥਾਂ 'ਤੇ ਹਰ ਇਕ ਪਹਿਲੂ ਨੂੰ ਜਾਂਚਣ ਲੱਗੀ ਹੋਈ ਹੈ। ਦੂਜੇ ਪਾਸੇ ਸੀ ਬੀ ਆਈ ਮੋਬਾਈਲ ਕਾਲ ਡਿਟੇਲ ਅਤੇ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਦੇ ਕਈ ਰਰੀਬੀਆਂ ਦੀ ਭੂਮਿਕਾ ਦੀ ਵੀ ਜਾਂਚ ਕਰ ਰਹੀ ਹੈ। ਸੀਤਾਪੁਰ ਜੇਲ੍ਹ 'ਚ ਵਿਧਾਇਕ ਸੇਂਗਰ ਦੇ ਨੈਟਵਰਕ ਨਾਲ ਜੁੜੇ ਕੁਝ ਲੋਕਣ ਦੇ ਬਾਰੇ ਵੀ ਜਾਣਕਾਰੀਆਂ ਇਕੱਠੀਆਂ ਕੀਤੀਆਂ ਜਾ ਰਹੀਆਂ ਹਨ।


ਵਰਨਣ ਯੋਗ ਹੈ ਕਿ ਪੀੜਤ ਲੜਕੀ ਰਾਇਬਰੇਲੀ ਜੇਲ੍ਹ 'ਚ ਬੰਦ ਆਪਣੇ ਚਾਚਾ ਨੂੰ ਮਿਲਣ ਜਾ ਰਹੀ ਸੀ। ਰਸਤੇ 'ਚ ਉਸ ਦੀ ਕਾਰ ਅਤੇ ਟਰੱਕ 'ਚ ਟੱਕਰ ਹੋ ਗਈ ਸੀ। ਇਸ ਹਾਦਸੇ 'ਚ ਕਾਰ ਸਵਾਰ ਪੀੜਤਾ ਦੀ ਚਾਚੀ ਸਣੇ ਦੋ ਔਰਤਾਂ ਦੀ ਮੌਤ ਹੋ ਗਈ ਸੀ। ਗੰਭੀਰ ਜ਼ਖਮੀ ਹੋਈ ਪੀੜਤਾ ਅਤੇ ਉਸ ਦੇ ਵਕੀਲ ਦਾ ਇਲਾਜ ਚੱਲ ਰਿਹਾ ਹੈ। ਸੀ ਬੀ ਆਈ ਇਸ ਮਾਮਲੇ 'ਚ ਵਿਧਾਇਕ ਸੇਂਗਰ ਸਮੇਤ ਹੋਰਨਾਂ 'ਤੇ ਲੱਗੇ ਗੰਭੀਰ ਦੋਸ਼ਾਂ ਦੀ ਹਰ ਬਿੰਦੂ 'ਤੇ ਜਾਂਚ ਕਰ ਰਹੀ ਹੈ। ਸੀ ਬੀ ਆਈ ਨੇ ਪੀੜਤਾਂ ਦੀ ਸੁਰੱਖਿਆ 'ਚ ਲਾਪਰਵਾਹੀ ਨੂੰ ਲੈ ਕੇ ਪੁਲਸ ਮੁਲਾਜ਼ਮਾਂ ਤੋਂ ਲੰਬੀ ਪੁੱਛਗਿੱਛ ਕੀਤੀ ਹੈ। ਮੰਨਿਆ ਜਾ ਰਿਹਾ ਹੈ ਕਿ ਕੁਝ ਪੁਲਸ ਮੁਲਾਜ਼ਮਾਂ 'ਤੇ ਛੇਤੀ ਸੀ ਬੀ ਆਈ ਦਾ ਸ਼ਿਕੰਜਾ ਕੱਸੇਗਾ।

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ




- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.




Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ। ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# ਸੰਘ ਪਰਿਵਾਰ ਨੇ ਕਿਹਾ, ਹਿੰਦੂ ਪਿਛੋਕੜ ਵਾਲਿਆਂ ਦੀ ਘਰ ਵਾਪਸੀ ਹੋਵੇਗੀ



ਭੋਪਾਲ, 7 ਅਗਸਤ (ਪੋਸਟ ਬਿਊਰੋ)- ਰਾਸ਼ਟਰੀ ਸਵੈ ਸੇਵਕ ਸੰਘ (ਆਰ ਐਸ ਐਸ) ਉਨ੍ਹਾਂ ਲੋਕਾਂ ਦੀ ਘਰ ਵਾਪਸੀ ਦੀ ਮੁਹਿੰਮ ਛੇੜਨ 'ਤੇ ਵਿਚਾਰ ਕਰ ਰਿਹਾ ਹੈ ਜਿਨ੍ਹਾਂ ਦੇ ਵੱਡੇ-ਵਡੇਰੇ ਹਿੰਦੂ ਹੋਇਆ ਕਰਦੇ ਸਨ ਅਤੇ ਕਈ ਪੀੜ੍ਹੀਆਂ ਪਹਿਲਾਂ ਜਿਨ੍ਹਾਂ ਨੇ ਦਬਾਅ ਵਿੱਚ ਕੋਈ ਹੋਰ ਧਰਮ ਕਬੂਲ ਕਰ ਲਿਆ ਸੀ।

ਭੋਪਾਲ ਵਿੱਚ ਆਰ ਐਸ ਐਸ ਦੀ ਤਿੰਨ ਦਿਨਾ ਬੈਠਕ 'ਚ ਇਸ 'ਤੇ ਗੰਭੀਰਤਾ ਨਾਲ ਵਿਚਾਰ ਮੰਥਨ ਕੀਤਾ ਗਿਆ। ਇਸ ਮੌਕੇ ਸੰਘ ਦੇ ਨੇਤਾਵਾਂ ਨੇ ਕਿਹਾ ਕਿ ਅਜਿਹੇ ਲੋਕਾਂ ਦੀ ਘਰ ਵਾਪਸੀ ਕਰਨ ਲਈ ਪਹਿਲਾਂ ਸਮਾਜ ਦਾ ਮਨ ਬਣਾਉਣਾ ਪਵੇਗਾ, ਤਾਂ ਜੋ ਇਨ੍ਹਾਂ ਲੋਕਾਂ ਨੂੰ ਸਮਾਜ ਦੀ ਮੁੱਖ ਧਾਰਾ 'ਚ ਸ਼ਾਮਲ ਕੀਤਾ ਜਾ ਸਕੇ। ਸੰਘ ਦੀ ਇਹ ਬੈਠਕ ਕਈ ਗੱਲਾਂ 'ਚ ਅਤਿ ਮਹੱਤਵ ਪੂਰਨ ਹੋ ਗਈ ਸੀ, ਕਿਉਂਕਿ ਜੰਮੂ ਕਸ਼ਮੀਰ 'ਚ ਲਾਗੂ ਧਾਰਾ 370 ਨੂੰ ਮੋਦੀ ਸਰਕਾਰ ਵੱਲੋਂ ਕੱਲ੍ਹ ਖਤਮ ਕੀਤਾ ਗਿਆ ਹੈ। ਧਾਰਾ 370 ਸੰਘ ਦੇ ਏਜੰਡੇ ਵਿੱਚ ਵੀ ਪ੍ਰਮੁੱਖ ਮੁੱਦਾ ਰਿਹਾ ਹੈ। ਆਰ ਐਸ ਐਸ ਦੇ ਸਾਰੇ ਸੰਗਠਨਾਂ ਦੇ ਸੂਬਾ ਪੱਧਰ ਤੱਕ ਦੇ ਅਹੁਦੇਦਾਰਾਂ ਦੀ ਤਿੰਨ ਦਿਨਾ ਬੈਠਕ 'ਚ ਸੰਘ ਦੇ ਸਹਿ ਕਾਰਜਕਾਰੀ ਡਾ. ਕ੍ਰਿਸ਼ਨ ਗੋਪਾਲ ਮੌਜੂਦ ਰਹੇ। ਇਸ ਦੌਰਾਨ ਵੱਖ-ਵੱਖ ਵਿਸ਼ਿਆਂ 'ਤੇ ਕਈ ਸੈਸ਼ਨ ਹੋਏ।

ਜਾਣਕਾਰ ਸੂਤਰਾਂ ਮੁਤਾਬਕ ਸੰਘ ਦੀ ਇਸ ਬੈਠਕ 'ਚ ਸੰਘ ਨੇਤਾਵਾਂ ਨੇ ਕਿਹਾ ਕਿ ਜਿਹੜੇ ਵੀ ਵਿਦੇਸ਼ੀ ਹਮਲਾਵਰ ਭਾਰਤ ਆਏ (ਯਵਨ, ਸ਼ੱਕ, ਕੁਸ਼ਾਣ, ਗ੍ਰੀਕ), ਸਾਰੇ ਇਥੋਂ ਦੀ ਸੰਸਕ੍ਰਿਤੀ ਵਿੱਚ ਜੁੜ ਗਏ ਸਨ, ਪਰ ਕੁਝ ਨੇ ਇਥੋਂ ਦੀ ਸੰਸਕ੍ਰਿਤੀ ਨਾਲ ਛੇੜਛਾੜ ਕੀਤੀ, ਉਨ੍ਹਾਂ ਨੂੰ ਸਮਾਜ ਨੇ ਸਵੀਕਾਰ ਨਹੀਂ ਕੀਤਾ। ਸੈਂਕੜੇ ਸਾਲ ਪਹਿਲਾਂ ਅਜਿਹੇ ਲੋਕਾਂ ਨੇ ਹਿੰਦੂਆਂ ਦਾ ਵੀ ਡਰਾ ਕੇ ਧਰਮ ਪਰਿਵਰਤਨ ਕਰਾਇਆ। ਬਹੁਤ ਸਾਰੇ ਲੋਕ ਖੁਦ ਨੂੰ ਬੱਟ ਲਿਖਦੇ ਹਨ, ਉਹ ਪਹਿਲਾਂ ਭੱਟ ਹੁੰਦੇ ਸਨ। ਜਿਹੜੇ ਡਾਰ ਲਿਖਦੇ ਹਨ, ਉਨ੍ਹਾਂ ਦੇ ਪੁਰਖੇ ਧਰ ਯਾਨੀ ਬ੍ਰਾਹਮਣ ਸਨ। ਚੌਧਰੀ-ਦੇਸ਼ਮੁੱਖ ਵੀ ਇਸੇ ਸਮਾਜ ਦੇ ਹਨ। ਸੰਘ ਨੇਤਾਵਾਂ ਨੇ ਕਿਹਾ ਕਿ ਅਜਿਹੇ ਲੋਕਾਂ ਨੂੰ ਆਪਣੇ ਧਰਮ 'ਚ ਵਾਪਸ ਲਿਆਉਣ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਡਾ. ਕ੍ਰਿਸ਼ਨ ਗੋਪਾਲ ਨੇ ਕਿਹਾ ਕਿ ਇਸ ਤੋਂ ਪਹਿਲਾਂ ਸਮਾਜ ਦਾ ਮਨ ਬਣਾਉਣਾ ਪਵੇਗਾ ਕਿ ਉਹ ਘਰ ਵਾਪਸ ਆਉਣ ਤਾਂ ਲੋਕਾਂ ਨਾਲ ਰੋਟੀ ਬੇਟੀ ਦੀ ਸਾਂਝ ਬਣਾਉਣ ਲਈ ਤਿਆਰ ਹੋਵੇ। ਉਨ੍ਹਾਂ ਕਿਹਾ ਕਿ ਇਹ ਖੜੇ ਪੈਰ ਨਹੀਂ ਹੋ ਸਕਦਾ, ਪਰ ਕੁਝ ਸਮੇਂ ਬਾਅਦ ਇਹ ਸੰਭਵ ਹੈ। ਉਸੇ ਤਰ੍ਹਾਂ ਜਿਵੇਂ ਗੰਗਾ ਯਮੁਨਾ ਦਾ ਜਿਥੇ ਮਿਲਣ ਹੁੰਦਾ ਹੈ, ਉਥੋਂ ਕੁਝ ਕਿਲੋਮੀਟਰ ਦੂਰ ਤੱਕ ਤਾਂ ਦੋਵਾਂ ਦਾ ਪਾਣੀ ਵੱਖ-ਵੱਖ ਰੰਗ ਦਿਖਾਈ ਦਿੰਦਾ ਹੈ, ਪਰ ਅੱਗੇ ਚੱਲ ਕੇ ਇਕੋ ਜਿਹਾ ਹੋ ਜਾਂਦਾ ਹੈ।

# ਭਾਰਤੀ ਵਪਾਰੀ ਅਡਾਨੀ ਦੀ ਕੋਲਾ ਖਾਣ ਵਿਰੁੱਧ ਬ੍ਰਿਸਬੇਨ 'ਚ ਫਿਰ ਚੱਕਾ ਜਾਮ, 72 ਗ੍ਰਿਫਤਾਰ

ਬ੍ਰਿਸਬੇਨ, 7 ਅਗਸਤ (ਪੋਸਟ ਬਿਊਰੋ)- ਆਸਟਰੇਲੀਆ ਦੇ ਪ੍ਰਾਂਤ ਕੁਈਨਜ਼ਲੈਂਡ ਵਿੱਚ ਕਈ ਸਾਲ ਪਹਿਲਾਂ ਭਾਰਤੀ ਵਪਾਰੀ ਅਡਾਨੀ ਵੱਲੋਂ ਕੋਇਲੇ ਦੀ ਖਾਣ ਸ਼ੁਰੂ ਕਰਨ ਦੀ ਮਨਜ਼ੂਰੀ ਲੈਣ ਦਾ ਕੰਮ ਸ਼ੁਰੂ ਹੋਇਆ ਸੀ। ਕਈ ਸਾਲਾਂ ਦੀ ਜੱਦੋ ਜਹਿਦ ਅਤੇ ਲੇਬਰ ਪਾਰਟੀ ਨੂੰ ਚੋਣ 'ਚ ਉਤਰੀ ਕੁਈਨਜ਼ਲੈਂਜ ਸਮੇਤ ਖਾਣਾਂ ਵਾਲੇ ਖੇਤਰਾਂ 'ਚ ਹਾਰ ਪਿੱਛੋਂ ਪ੍ਰਾਂਤ ਸਰਕਾਰ ਨੇ ਮਨਜ਼ੂਰੀ ਦਿੱਤੀ, ਪਰ ਮਨਜ਼ੂਰੀ ਤੋਂ ਬਾਅਦ ਵਾਤਾਵਰਨ ਸਮਰਥਕਾਂ ਅਤੇ ਗ੍ਰੀਨ ਪਾਰਟੀ ਸਮਰਥਕਾਂ ਵੱਲੋਂ ਇਸ ਖਾਣ ਨੂੰ ਰੋਕਣ ਲਈ ਹਰ ਹੀਲਾ ਵਰਤਣਾ ਸ਼ੁਰੂ ਕਰ ਦਿੱਤਾ।



ਪਿਛਲੇ ਲੰਮੇ ਸਮੇਂ ਤੋਂ ਇਸ ਖਾਣ ਦੇ ਸ਼ੁਰੂ ਹੋਣ ਨੂੰ ਰੋਕਣ ਲਈ ਪ੍ਰਦਰਸ਼ਨ ਅਤੇ ਰਸਤੇ ਰੋਕਣ ਦੀਆਂ ਕਾਰਵਾਈਆਂ ਜਾਰੀ ਹਨ। ਇਸੇ ਕੜੀ ਹੇਠ ਸਵੇਰੇ ਸੱਤ ਵਜੇ ਤੋਂ ਪ੍ਰਦਰਸ਼ਨਕਾਰੀਆਂ ਨੇ ਬ੍ਰਿਸਬੇਨ ਸ਼ਹਿਰ 'ਚ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਪ੍ਰਦਰਸ਼ਨਕਾਰੀਆਂ ਵੱਲੋਂ ਰਸਤੇ ਰੋਕਣ ਕਾਰਨ ਸਾਰਾ ਦਿਨ ਸ਼ਹਿਰ ਦੀ ਆਵਾਜਾਈ ਪ੍ਰਭਾਵਿਤ ਹੋਈ, ਜਿਸ ਕਰਕੇ ਕਈ ਵਿਅਕਤੀਆਂ ਦੇ ਹਸਪਤਾਲ ਸਮੇਂ ਸਿਰ ਨਾ ਪੁੱਜਣ ਕਾਰਨ ਆਪਣੇ ਇਲਾਜ ਵਿੱਚ ਪ੍ਰੇਸ਼ਾਨੀ ਝੱਲਣ ਪਈ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਵਾਤਾਵਰਨ 'ਚ ਸੁਧਾਰ ਚਾਹੁੰਦੇ ਹਨ, ਪਰ ਇਸ ਪ੍ਰਕਾਰ ਦੇ ਆਵਾਜਾਈ ਵਿਘਨ ਤੋਂ ਨਿਰਾਸ਼ ਹਨ। ਪੁਲਸ ਨੇ 72 ਦੇ ਕਰੀਬ ਪ੍ਰਦਰਸ਼ਨਕਾਰੀ ਗ੍ਰਿਫਤਾਰ ਕੀਤੇ ਹਨ।

# ਚੀਨ ਵੱਲੋਂ ਭਾਰਤ-ਪਾਕਿ ਦੋਵਾਂ ਨੂੰ ਸੰਜਮ ਵਰਤਣ ਦੀ ਨਸੀਹਤ

ਬੀਜਿੰਗ, 7 ਅਗਸਤ (ਪੋਸਟ ਬਿਊਰੋ)- ਕਸ਼ਮੀਰ ਦੇ ਤਾਜ਼ਾ ਹਾਲਾਤ ਉਤੇ ਚਿੰਤਾ ਪ੍ਰਗਟਾਉਂਦੇ ਹੋਏ ਚੀਨ ਨੇ ਭਾਰਤ ਤੇ ਪਾਕਿਸਤਾਨ ਦੋਵਾਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਅਤੇ ਨਾਲ ਹੀ ਕਿਹਾ ਕਿ ਅਜਿਹੇ ਇਕਪਾਸੜ ਫੈਸਲਿਆਂ ਤੋਂ ਬਚਣ, ਜਿਸ ਨਾਲ ਮੌਜੂਦਾ ਹਾਲਾਤ ਬਦਲੇ ਤੇ ਦੋਵਾਂ ਵਿਚਕਾਰ ਤਣਾਅ ਵਧੇ।



ਚੀਨ ਦੇ ਵਿਦੇਸ਼ ਮੰਤਰਾਲੇ ਦੀ ਬੁਲ-ਾਰਾ ਹੁਆ ਚੁਨਯਿੰਗ ਨੇ ਕੱਲ੍ਹ ਭਾਰਤ 'ਚ ਧਾਰਾ 370 ਭੰਗ ਕਰਨ ਦਾ ਜ਼ਿਕਰ ਕੀਤੇ ਬਗੈਰ ਕਿਹਾ ਕਿ ਕਸ਼ਮੀਰ ਦੇ ਤਾਜ਼ਾ ਹਾਲਾਤ 'ਤੇ ਚੀਨ ਬੇਹੱਦ ਚਿੰਤਤ ਹੈ। ਕਸ਼ਮੀਰ ਦੇ ਮੁੱਦੇ 'ਤੇ ਚੀਨ ਦੀ ਸਥਿਤੀ ਸਪੱਸ਼ਟ ਹੈ। ਇਹ ਮੁੱਦਾ ਭਾਰਤ ਅਤੇ ਪਾਕਿਸਤਾਨ ਨੂੰ ਵਿਰਾਸਤ ਵਿੱਚ ਮਿਲਿਆ ਹੈ। ਇਸ ਬਾਰੇ ਕੌਮਾਂਤਰੀ ਭਾਈਚਾਰੇ ਦੀ ਵੀ ਇਹੀ ਰਾਏ ਹੈ। ਉਨ੍ਹਾਂ ਕਿਹਾ ਕਿ ਅਸੀਂ ਦੋਵਾਂ ਧਿਰਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਗੱਲਬਾਤ ਰਾਹੀਂ ਤਾਜ਼ਾ ਵਿਵਾਦਾਂ ਦਾ ਹੱਲ ਕਰਨ ਅਤੇ ਨਾਲ ਹੀ ਖੇਤਰੀ ਸ਼ਾਂਤੀ ਤੇ ਸਥਿਰਤਾ ਨੂੰ ਕਾਇਮ ਰੱਖਣ।

ਪਿਛਲੇ ਹਫਤਿਆਂ 'ਚ ਕਸ਼ਮੀਰ ਮੁੱਦੇ 'ਤੇ ਚੀਨ ਦਾ ਇਹ ਦੂਜਾ ਬਿਆਨ ਹੈ। ਬੀਤੀ 26 ਜੁਲਾਈ ਨੂੰ ਚੀਨ ਨੇ ਕਿਹਾ ਸੀ ਕਿ ਭਾਰਤ ਤੇ ਪਾਕਿਸਤਾਨ ਨੂੰ ਸ਼ਾਂਤਮਈ ਗੱਲਬਾਤ ਰਾਹੀਂ ਕਸ਼ਮੀਰ ਮੁੱਦੇ ਨੂੰ ਹੱਲ ਕਰਨਾ ਚਾਹੀਦਾ ਹੈ। ਨਾਲ ਉਸ ਨੇ ਦੋਵਾਂ ਦੇਸ਼ਾਂ ਵਿਚਕਾਰ ਅਮਰੀਕਾ ਦੇ 'ਸਕਾਰਾਤਮਕ ਭੂਮਿਕਾ' ਨਿਭਾਉਣ ਦੀ ਗੱਲ ਦੀ ਵੀ ਹਮਾਇਤ ਕੀਤੀ ਸੀ। ਵਰਨਣ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਸ਼ਮੀਰ ਮੁੱਦੇ 'ਤੇ ਭਾਰਤ ਤੇ ਪਾਕਿ ਵਿਚਕਾਰ ਵਿਚੋਲਗੀ ਕਰਨ ਦੀ ਗੱਲ ਕਹੀ ਸੀ। ਇਹ ਗੱਲ ਵੀ ਉਨ੍ਹਾਂ ਨੇ ਵਾਸ਼ਿੰਗਟਨ 'ਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਮੁਲਾਕਾਤ ਵਿੱਚ ਕਹੀ ਸੀ, ਪਰ ਭਾਰਤ ਨੇ ਸਖਤ ਰੁਖ਼ ਦਾਰਨ ਕਰਦਿਆਂ ਟਰੰਪ ਦੀ ਪੇਸ਼ਕਸ਼ ਨੂੰ ਇਹ ਕਹਿ ਕੇ ਠੁਕਰਾ ਦਿੱਤਾ ਸੀ ਕਿ ਕਸ਼ਮੀਰ ਦੁਵੱਲਾ ਮੁੱਦਾ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਆਪਣੀ ਪੱਛਮੀ ਸਰਹੱਦ ਨਾਲ ਲੱਗੇ ਲੱਦਾਖ ਨੂੰ ਇਕ ਵੱਖਰਾ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦਾ ਵਿਰੋਧ ਕਰਦਿਆਂ ਚੀਨ ਹਮੇਸ਼ਾ ਤੋਂ ਆਪਣੇ ਪੱਛਮੀ ਧੜੇ ਨੂੰ ਉਸ ਦੇ ਪ੍ਰਸ਼ਾਸਨਿਕ ਖੇਤਰ 'ਚ ਸ਼ਾਮਲ ਕਰਨ ਦਾ ਵਿਰੋਧ ਕਰਦਾ ਆ ਰਿਹਾ ਹੈ।

# ਦਿੱਲੀ ਤੋਂ ਫੜੇ ਗੋਲਡ ਯੂਨੀਅਨ ਰੈਕਟ ਦੀਆਂ ਤਾਰਾਂ ਸਿਡਨੀ ਨਾਲ ਜਾ ਜੁੜੀਆਂ

ਸਿਡਨੀ, 7 ਅਗਸਤ (ਪੋਸਟ ਬਿਊਰੋ)- ਸਪੈਸ਼ਲ ਟਾਸਕ ਫੋਰਸ ਵੱਲੋਂ ਭੋਲੇ ਭਾਲੇ ਲੋਕਾਂ ਤੋਂ ਠੱਗੀ ਨਾਲ 200 ਕਰੋੜ ਤੋਂ ਵੀ ਉਪਰ ਕਰੰਸੀ ਘੁਟਾਲੇ ਦੀਆਂ ਤਾਰਾਂ ਸਿਡਨੀ ਨਾਲ ਵੀ ਜੁੜੀਆਂ ਹਨ। ਪਤਾ ਲੱਗਾ ਹੈ ਕਿ ਪੁਲਸ ਵੱਲੋਂ ਦਿੱਲੀ ਦੇ ਹਵਾਈ ਅੱਡੇ ਨੇੜਿਓਂ ਫੜਿਆ ਹਰਪ੍ਰੀਤ ਸਿੰਘ ਸਾਹਨੀ ਸਿਡਨੀ ਤੋਂ ਹੈ। ਮੱਧ ਪ੍ਰਦੇਸ਼ ਦੀ ਪੁਲਸ ਅਨੁਸਾਰ ਗੋਲਡ ਯੂਨੀਅਨ ਕੁਆਇਨ ਦੇ ਨਾਂਅ ਥੱਲੇ ਇਸ ਜਾਅਲੀ ਕਰੰਸੀ ਦਾ ਬਹੁਤ ਵੱਡਾ ਰੈਕਟ ਚੱਲਦਾ ਸੀ। ਇਸ ਵਿੱਚ ਲੋਕਾਂ ਨੂੰ ਤੇਜ਼ੀ ਨਾਲ ਪੈਸਾ ਵਧਾਉਣ ਅਤੇ ਵੱਖ-ਵੱਖ ਜਗ੍ਹਾ ਪੈਸਾ ਲਾ ਕੇ ਧਨ ਇਕੱਠਾ ਕਰਨ ਦੀ ਤਜਵੀਜ਼ ਦੱਸੀ ਜਾਂਦੀ ਸੀ। ਸਿਡਨੀ ਵਿੱਚ ਬਿਟ ਕੁਆਇਨ ਅਤੇ ਹੋਰ ਕਈ ਨਾਵਾਂ ਅਧੀਨ ਲੋਕ ਠੱਗੇ ਗਏ ਹਨ। ਗ੍ਰਿਫਤਾਰ ਕੀਤਾ ਗਿਆ ਹਰਪ੍ਰੀਤ ਸਿੰਘ ਸਾਹਨੀ ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਨਾਲ ਸਬੰਧਤ ਹੈ।

# ਅਮਰੀਕਾ ਵਿੱਚ ਨਸਲੀ ਵਿਤਕਰੇ ਦੀ ਤਸਵੀਰ ਵਾਇਰਲ ਹੋਣ ਨਾਲ ਹਲਚਲ

ਵਾਸ਼ਿੰਗਟਨ, 7 ਅਗਸਤ (ਪੋਸਟ ਬਿਊਰੋ)- ਅਮਰੀਕਾ ਵਿਚ ਨਸਲੀ ਵਿਤਕਰੇ ਦਾ ਕੇਸ ਸਾਹਮਣੇ ਆਇਆ ਹੈ। ਟੈਕਸਾਸ ਦੇ ਗੈਲਵੇਸਟੋਨ ਇਲਾਕੇ ਵਿਚ ਦੋ ਗੋਰੇ ਪੁਲਸ ਅਫਸਰਾਂ ਵੱਲੋਂ ਇਕ ਗੈਰ ਗੋਰੇ ਵਿਅਕਤੀ ਨੂੰ ਰੱਸੀ ਨਾਲ ਬੰਨ੍ਹ ਕੇ ਲਿਜਾਣ ਦੀ ਤਸਵੀਰ ਵਾਇਰਲ ਹੋਣ ਤੋਂ ਕਾਫੀ ਵੱਡਾ ਵਿਵਾਦ ਪੈਦਾ ਹੋ ਗਿਆ ਹੈ। ਟੈਕਸਾਸ ਪੁਲਸ ਦੇ ਪ੍ਰਮੁੱਖ ਨੇ ਆਪਣੇ ਪੁਲਸ ਅਧਿਕਾਰੀਆ ਦੀ ਇਸ ਹਰਕਤ ਦੇ ਲਈ ਮਾਫੀ ਮੰਗੀ ਹੈ।



ਇਸ ਬਾਰੇ ਟੈਕਸਾਸ ਦੇ ਤੱਟੀ ਸ਼ਹਿਰ ਗੈਲਵੇਸਟੋਨ ਦੇ ਪੁਲਸ ਪ੍ਰਮੁੱਖ ਵੇਰਨੋਨ ਹੇਲੇ ਨੇ ਦੱਸਿਆ ਕਿ ਸ਼ਨੀਵਾਰ ਨੂੰ ਡੋਨਾਲਡ ਨੀਲੇ ਨੂੰ ਅਣ-ਅਧਿਕਾਰਤ ਰੂਪ ਨਾਲ ਦਾਖਲ ਹੋਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੂੰ ਪੁਲਸ ਨੇ ਕਾਰ ਤੋਂ ਥਾਣੇ ਤੱਕ ਲਿਜਾਣਾ ਸੀ। ਕਿਉਂਕਿ ਉਸ ਸਮੇਂ ਘੁੜਸਵਾਰ ਪੁਲਸ ਹੀ ਸੀ, ਇਸ ਲਈ ਉਸ ਨੂੰ ਰੱਸੀ ਨਾਲ ਬੰਨ੍ਹ ਕੇ ਪੈਦਲ ਲਿਜਾਣਾ ਪਿਆ। ਉਸ ਨੇ ਸੋਮਵਾਰ ਨੂੰ ਫੇਸਬੁੱਕ ਪੋਸਟ ਵਿਚ ਲਿਖਿਆ, 'ਭਾਵੇਂ ਇਹ ਨਿਰਧਾਰਤ ਪ੍ਰਕਿਰਿਆ ਹੈ ਤੇ ਕੁਝ ਮਾਮਲਿਆਂ ਵਿਚ ਸਹੀ ਹੈ, ਮੇਰਾ ਮੰਨਣਾ ਹੈ ਕਿ ਇਸ ਕੇਸ ਵਿਚ ਅਧਿਕਾਰੀਆਂ ਨੇ ਗਲਤ ਮੁਲੰਕਣ ਕੀਤਾ। ਸਭ ਤੋਂ ਪਹਿਲਾਂ ਮੈਂ ਨੀਲੇ ਨੂੰ ਹੋਈ ਬੇਲੋੜੀ ਸ਼ਰਮਿੰਦਗੀ ਲਈ ਮਾਫੀ ਮੰਗਦਾ ਹਾਂ।' ਹੇਲੇ ਨੇ ਐਲਾਨ ਕੀਤਾ ਕਿ ਨੀਤੀ ਨੂੰ ਬਦਲ ਦਿੱਤਾ ਗਿਆ ਹੈ ਤੇ ਭਵਿੱਖ ਵਿਚ ਇਹ ਤਰੀਕਾ ਨਹੀਂ ਅਪਣਾਇਆ ਜਾਵੇਗਾ।

ਹੇਲੇ ਦੇ ਇਸ ਬਿਆਨ ਪਿੱਛੋਂ ਲੋਕਾਂ ਦੀ ਨਾਰਾਜ਼ਗੀ ਹੋਰ ਵਧੀ ਹੈ। ਕੁਝ ਲੋਕਾਂ ਨੇ ਇਸ ਨੂੰ ਕਮਜ਼ੋਰ ਪ੍ਰਤੀਕਿਰਿਆ ਕਿਹਾ ਤੇ ਕੁਝ ਹੋਰ ਲੋਕਾਂ ਨੇ ਦੋਸ਼ੀ ਅਧਿਕਾਰੀਆਂ ਨੂੰ ਬਰਖਾਸਤ ਕਰਨ ਜਾਂ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਜਿਸ ਤਰ੍ਹਾਂ ਨੀਲੇ ਨੂੰ ਅਪਮਾਨਿਤ ਕੀਤਾ ਗਿਆ, ਉਸ ਨੇ ਦੇਸ਼ ਦੇ ਨਸਲਵਾਦੀ ਇਤਿਹਾਸ ਯਾਦ ਕਰਾਇਆ ਹੈ। ਨੈਸ਼ਨਲ ਐਸੋਸੀਏਸ਼ਨ ਫਾਰ ਦੀ ਐਡਵਾਂਸਡ ਆਫ ਕਲਰਡ ਪੀਪਲਜ਼ ਦੇ ਹਿਊਸਟਨ ਚੈਪਟਰ ਦੇ ਪ੍ਰਧਾਨ ਜੇਮਜ਼ ਡਗਲਸ ਨੇ ਹਿਊਸਟਨ ਕ੍ਰੋਨੀਕਲ ਨੂੰ ਕਿਹਾ ਕਿ ਇਹ 2019 ਨਹੀਂ, ਸਗੋਂ 1819 ਹੈ।

# ਜਰਮਨੀ ਦੀ ਫਿਓਨਾ ਨੇ 10 ਦਿਨਾਂ ਵਿੱਚ ਚਾਰ ਹਜ਼ਾਰ ਕਿਲੋਮੀਟਰ ਸਾਈਕਲ ਚਲਾ ਕੇ ਰੇਸ ਜਿੱਤੀ

ਬ੍ਰੇਸਟ, 7 ਅਗਸਤ (ਪੋਸਟ ਬਿਊਰੋ)- ਜਰਮਨੀ ਦੀ 24 ਸਾਲ ਦੀ ਫਿਓਨਾ ਕੋਲਬਿੰਗਰ ਨੇ ਦੁਨੀਆ ਦੀ ਸਭ ਤੋਂ ਕਠਿਨ ਸਾਈਕਲ ਰੇਸ ਵਿੱਚੋਂ ਇੱਕ ਟ੍ਰਾਂਸਕਾਨਟਿਨੈਂਟਲ ਰੇਸ ਜਿੱਤ ਲਈ ਹੈ। ਰੇਸ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ 10 ਦਿਨ ਵਿੱਚ ਕਰੀਬ ਚਾਰ ਹਜ਼ਾਰ ਕਿਲੋਮੀਟਰ ਸਾਈਕਲ ਚਲਾਉਣੀ ਹੁੰਦੀ ਹੈ। ਖਾਸ ਗੱਲ ਇਹ ਕਿ ਇਹ ਕੋਈ ਸਟੇਜ ਰੇਸ ਨਹੀਂ, ਰੇਸ ਸ਼ੁਰੂ ਹੋਣ ਤੋਂ ਬਾਅਦ ਘੜੀ ਰੁਕਦੀ ਨਹੀਂ ਹੈ। ਰੇਸਰ ਬੀਚ ਵਿੱਚ ਜੋ ਵੀ ਰੈਸਟ ਲਵੇਗਾ, ਉਸਦਾ ਵਕਤ ਕਾਊਂਟ ਹੁੰਦਾ ਹੈ। ਇਸ ਮੁਸ਼ਕਲ ਰੇਸ ਨੂੰ ਜਿੱਤਣ ਵਾਲੀ ਫਿਓਨਾ ਦੁਨੀਆ ਦੀ ਪਹਿਲਾ ਮਹਿਲਾ ਸਾਈਕਲਿਸਟ ਹੈ।



ਸਾਲ 2013 ਤੋਂ ਹੋ ਰਹੀ ਇਸ ਰੇਸ ਵਿੱਚ ਹਾਲੇ ਤੱਕ ਪੁਰਸ਼ ਸਾਈਕਲਿਸਟ ਜਿੱਤਦੇ ਰਹੇ ਸਨ। ਫਿਓਨਾ ਨੇ ਇਸ ਵਾਰ 225 ਪੁਰਸ ਸਾਈਕਲਿਸਟ ਨੂੰ ਪਛਾੜ ਕੇ ਰੇਸ ਜਿੱਤੀ ਹੈ। ਰੇਸ ਵਿੱਚ ਕੁੱਲ 265 ਸਾਈਕਲਿਸਟ ਨੇ ਹਿੱਸਾ ਲਿਆ ਸੀ। ਇਨ੍ਹਾਂ ਵਿੱਚ ਚਾਲੀ ਔਰਤਾਂ ਸਨ। ਰੇਸ ਦਸ ਦੇਸ਼ਾਂ ਤੋਂ ਹੋ ਕੇ ਗੁਜਰਦੀ ਹੈ। ਫਿਓਨਾ ਨੇ 10 ਦਿਨ, ਦੋ ਘੰਟੇ, 48 ਮਿੰਟ ਵਿੱਚ ਰੇਸ ਪੂਰੀ ਕੀਤੀ। ਬ੍ਰਿਟੇਨ ਦੀ ਬੇਨ ਡੇਵਿਨ ਦੂਸਰੇ ਥਾਂ ਰਹੀ। ਫਿਓਨਾ ਦੀ ਰਫਤਾਰ ਦਾ ਅੰਦਾਜ਼ਾ ਇਸੇ ਗੱਲ ਤੋਂ ਲੱਗਾ ਹੈ ਕਿ ਜਦ ਉਨ੍ਹਾਂ ਨੇ ਰੇਸ ਪੂਰੀ ਕੀਤੀ, ਤਦ ਵੀ ਬੇਨ ਡੇਵਿਸ ਉਨ੍ਹਾਂ ਤੋਂ ਤਕਰੀਬਨ 200 ਕਿਲੋਮੀਟਰ ਪਿੱਛੇ ਸੀ। ਜਿੱਤ ਦੇ ਬਾਅਦ ਫਿਓਨਾ ਕੋਲਬਿੰਗਰ ਨੇ ਕਿਹਾ, ਮੈਂ ਹੈਰਾਨ ਹਾਂ, ਜਿਸ ਲਈ ਪਿਛਲੇ ਪੰਜ-ਸੱਤ ਸਾਲ ਤੋਂ ਤਿਆਰੀ ਕਰ ਰਹੀ ਸੀ, ਉਹ ਕੰਮ ਅੱਜ ਪੂਰਾ ਹੋ ਗਿਆ। ਰੇਸ ਸ਼ੁਰੂ ਕਰਦੇ ਸਮੇਂ ਮੈਂ ਸੋਚਿਆ ਸੀ ਕਿ ਔਰਤਾਂ ਵਿੱਚ ਪਹਿਲਾ ਸਥਾਨ ਹਾਸਲ ਕਰ ਸਕਦੀ ਹਾਂ, ਪਰ ਇਹ ਬਿਲਕੁਲ ਨਹੀਂ ਸੋਚਿਆ ਸੀ ਕਿ ਸਾਰੇ ਰੇਸਰ ਨੂੰ ਪਛਾੜ ਸਕਾਂਗੀ। ਇੱਕ ਗੱਲ ਦਾ ਮਲਾਲ ਹੈ ਕਿ ਮੈਂ ਥੋੜ੍ਹਾ ਵੱਧ ਸਮਾਂ ਲੈ ਲਿਆ। ਰੇਸ 10 ਦਿਨ ਦੇ ਅੰਦਰ ਪੂਰੀ ਕਰਦੀ ਤਾਂ ਜ਼ਿਆਦਾ ਖੁਸ਼ੀ ਹੁੰਦੀ। ਹੁਣ ਕੋਸ਼ਿਸ਼ ਕਰਾਂਗੀ ਕਿ ਨੀਂਦ ਘੱਟ ਲਵਾਂ ਅਤੇ ਅਭਿਆਸ ਜ਼ਿਆਦਾ ਕਰਾਂ।

# ਭਾਰਤ ਦੇ ਅਨੰਦ ਸਤਿਆਨੰਦ ਨਿਊਜ਼ੀਲੈਂਡ ਵਿੱਚ ਯੂਨੀਵਰਸਿਟੀ ਦੇ ਚਾਂਸਲਰ ਬਣੇ

ਆਕਲੈਂਡ, 7 ਅਗਸਤ (ਪੋਸਟ ਬਿਊਰੋ)- ਨਿਊਜ਼ੀਲੈਂਡ ਵਿੱਚ 'ਦ ਯੂਨੀਵਰਸਿਟੀ ਆਫ ਵਾਇਕਾਟੋ' ਦੇ ਲਈ ਭਾਰਤੀ ਮੂਲ ਦੇ ਅਨੰਦ ਸਤਿਆਨੰਦ ਨੂੰ ਕੱਲ੍ਹ ਚਾਂਸਲਰ ਚੁਣਿ-ਆ ਗਿਆ ਹੈ। ਸੱਤਿਆਨੰਦ ਦੇਸ਼ ਦੇ ਸਰਬ ਉਚ ਅਹੁਦੇ ਗਵਰਨਰ ਜਨਰਲ ਉੱਤੇ ਅਗਸਤ 2006 ਤੋਂ ਅਗਸਤ 2011 ਤੱਕ 11ਵੇਂ ਗਵਰਨਰ ਜਨਰਲ ਵਜੋਂ ਸੇਵਾ ਨਿਭਾਅ ਚੁੱਕੇ ਹਨ। ਜੀਵਨ ਕਾਲ 'ਚ ਕਿੱਤੇ ਵਜੋਂ ਵਕੀਲ, ਜੱਜ ਅਤੇ ਲੋਕਪਾਲ ਰਹੇ ਅਨੰਦ ਸਤਿਆਨੰਦ ਨੂੰ ਭਾਰਤ ਸਰਕਾਰ ਨੇ ਜਨਵਰੀ 2011 ਵਿੱਚ 9ਵੇਂ ਪਰਵਾਸੀ ਦਿਵਸ ਮੌਕੇ 'ਪਰਵਾਸੀ ਭਾਰਤੀਆ ਸਨਮਾਨ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਕੱਲ੍ਹ 75 ਸਾਲਾ ਅਨੰਦ ਦੀ ਯੂਨੀਵਰਸਿਟੀ ਦੇ ਚਾਂਸਲਰ ਵਜੋਂ ਚਾਰ ਸਾਲ ਲਈ ਚੋਣ ਕੀਤੀ ਗਈ ਹੈ। ਉਹ ਸਾਬਕਾ ਚਾਂਸਲਰ ਤੇ ਸਾਬਕਾ ਪ੍ਰਧਾਨ ਮੰਤਰੀ ਜਿਮ ਬੋਲਗਰ ਦੀ ਥਾਂ ਲੈਣਗੇ ਜੋ 12 ਸਾਲਾਂ ਤੋਂ ਚਾਂਸਲਰ ਚਲੇ ਆ ਰਹੇ ਸਨ। ਸਰ ਅਨੰਦ ਸਤਿਆਨੰਦ ਨੇ ਮੌਜੂਦਾ ਇਕ ਵੱਕਾਰੀ ਅਹੁਦੇ ਤੋਂ ਕੱਲ੍ਹ ਇਸੇ ਕਾਰਨ ਅਸਤੀਫਾ ਵੀ ਦਿੱਤਾ ਹੈ। ਅਕਤੂਬਰ ਮਹੀਨੇ ਚਾਂਸਲਰ ਅਨੰਦ ਸਤਿਆਨੰਦ ਦਾ ਸਵਾਗਤ ਮਾਓਰੀ ਰੀਤ 'ਪੌਹੀਰੀ' ਨਾਲ ਕੀਤਾ ਜਾਵੇਗਾ ਤੇ ਉਹ ਆਪਣਾ ਕਾਰਜਭਾਰ ਸੰਭਾਲਣਗੇ।

ਸਰ ਅਨੰਦ ਸਤਿਆਨੰਦ ਦੇ ਦਾਦਾ-ਦਾਦੀ 1911 ਵਿੱਚ ਭਾਰਤ ਤੋਂ ਫਿਜ਼ੀ ਚਲੇ ਗਏ ਸਨ। ਉਨ੍ਹਾਂ ਦੇ ਪਿਤਾ ਡਾ. ਮੁਤਿਆਲਾ 1927 'ਚ ਨਿਊਜ਼ੀਲੈਂਡ ਆ ਗਏ ਅਤੇ ਉਨ੍ਹਾਂ ਦਾ ਵਿਆਹ ਤਾਰਾ ਤਿਲਕ ਨਾਲ 1940 'ਚ ਨਿਊਜ਼ੀਲੈਂਡ ਹੀ ਹੋਇਆ ਸੀ। 'ਦ ਯੂਨੀਵਰਸਿਟੀ ਆਫ ਵਾਇਕਾਟੋ' ਹਮਿਲਟਨ ਸ਼ਹਿਰ ਵਿਖੇ ਹੈ, ਜਿਥੇ ਪੰਜਾਬੀਆਂ ਨੇ ਪਹਿਲਾ ਗੁਰਦੁਆਰਾ 1977 ਵਿੱਚ ਸਥਾਪਤ ਕੀਤਾ ਸੀ।

# ਖੇਤੀ ਉਤਪਾਦਾਂ ਦੇ ਵਪਾਰ ਵਿੱਚ ਅੜਿੱਕਾ ਪੈਦਾ ਹੋਣ ਦੀ ਜ਼ਿੰਮੇਵਾਰੀ ਅਮਰੀਕਾ ਦੀ: ਚੀਨ

ਬੀਜਿੰਗ, 7 ਅਗਸਤ (ਪੋਸਟ ਬਿਊਰੋ)- ਪਿੱਛੇ ਜਿਹੇ ਅਮਰੀਕਾ ਨੇ ਚੀਨ ਤੋਂ ਖਰੀਦੇ ਗਏ ਤਿੰਨ ਖਰਬ ਅਮਰੀਕੀ ਡਾਲਰ ਕੀਮਤ ਦੇ ਉਤਪਾਦਾਂ ਉੱਤੇ 10 ਫੀਸਦੀ ਟੈਰਿਫ ਵਧਾਉਣ ਦਾ ਐਲਾਨ ਕੀਤਾ ਸੀ ਅਤੇ ਚੀਨ-ਅਮਰੀਕਾ ਓਸਾਕਾ ਸਿਖਰ ਸੰਮੇਲਨ ਦੀ ਸਹਿਮਤੀ ਦਾ ਉਲੰਘਣ ਕੀਤਾ ਸੀ, ਇਸ ਲਈ ਚੀਨੀ ਕੌਂਸਲ ਦੇ ਕਸਟਮ ਡਿਊਟੀ ਕਮਿਸ਼ਨ ਤਿੰਨ ਅਗਸਤ ਦੇ ਬਾਅਦ ਖਰੀਦੇ ਜਾਣ ਵਾਲੇ ਅਮਰੀਕੀ ਖੇਤੀ ਉਤਪਾਦਾਂ 'ਤੇ ਟੈਰਿਫ ਵਧਾਉਣ 'ਤੇ ਵਿਚਾਰ ਕਰ ਰਿਹਾ ਹੈ।

ਚੀਨ ਦੇ ਸੰਬੰਧਤ ਕਾਰੋਬਾਰਾਂ ਨੇ ਅਮਰੀਕੀ ਖੇਤੀ ਉਤਪਾਦਾਂ ਦੀ ਖਰੀਦ ਨੂੰ ਅਸਥਾਈ ਰੂਪ ਤੋਂ ਬੰਦ ਕਰ ਦਿੱਤਾ ਹੈ। ਇਹ ਚੀਨ ਵੱਲੋਂ ਅਮਰੀਕਾ ਦੀ ਟੈਰਿਫ ਲਾਠੀ ਉਠਾਉਣ ਦੇ ਖਿਲਾਫ ਚੁੱਕਿਆ ਗਿਆ ਜ਼ਰੂਰੀ ਕਦਮ ਹੈ। ਖੇਤੀ ਖੇਤਰ ਵਿੱਚ ਚੀਨ ਅਤੇ ਅਮਰੀਕਾ ਦੀ ਮਜ਼ਬੂਤ ਸਪਲਾਈ ਹੈ, ਇਸ ਲਈ ਖੇਤੀ ਉਤਪਾਦਾਂ ਦਾ ਵਪਾਰ ਕਰਨਾ ਦੋਵਾਂ ਦੇਸ਼ਾਂ ਦੇ ਬਰਾਬਰੀ ਦੇ ਹਿੱਤਾਂ ਨਾਲ ਮੇਲ ਖਾਂਦਾ ਹੈ। ਚੀਨ ਅਤੇ ਅਮਰੀਕਾ ਦੇ ਨੇਤਾਵਾਂ ਦੀ ਓਸਾਕਾ ਸਿਖਰ ਵਾਰਤਾ ਦੇ ਬਾਅਦ ਚੀਨ ਨੇ ਘਰੇਲੂ ਮੰਗ ਅਤੇ ਬਾਜ਼ਾਰ ਸਿਧਾਂਤ ਦੇ ਮੁਤਾਬਕ ਅਮਰੀਕੀ ਖੇਤੀ ਉਤਪਾਦਾਂ ਦੀ ਖਰੀਦ ਵਿੱਚ ਅਨੇਕ ਪ੍ਰਗਤੀਆਂ ਹਾਸਲ ਕੀਤੀਆਂ। ਚੀਨ ਵਿਸ਼ਵ ਵਿੱਚ ਖੇਤੀ ਉਤਪਾਦਾਂ ਦਾ ਸਭ ਤੋਂ ਵੱਡਾ ਦਰਾਮਦਕਾਰ ਦੇਸ਼ ਹੈ, ਜਦ ਕਿ ਅਮਰੀਕਾ ਵਿਸ਼ਵ ਵਿੱਚ ਖੇਤੀ ਉਤਪਾਦਾਂ ਦਾ ਸਭ ਤੋਂ ਵੱਡਾ ਬਰਾਮਦਕਾਰ ਦੇਸ਼ ਹੈ। ਖੇਤੀ ਉਤਪਾਦਾਂ ਦਾ ਵਪਾਰ ਚੀਨ-ਅਮਰੀਕਾ ਵਪਾਰਕ ਸੰਬੰਧਾਂ ਵਿੱਚ ਅਹਿਮ ਸਥਾਨ ਰੱਖਦਾ ਹੈ। ਇਸ ਗੱਲ ਦੀ ਜ਼ਿੰਮੇਵਾਰੀ ਬਿਲਕੁਲ ਅਮਰੀਕੀ ਪੱਖ ਉੱਤੇ ਹੈ, ਇਸ ਲਈ ਸਾਰੇ ਸਿੱਟੇ ਵੀ ਅਮਰੀਕਾ ਨੂੰ ਝੱਲਣੇ ਪੈਣਗੇ। ਅਮਰੀਕਾ ਇਸ ਬਾਰੇ ਅਜੇ ਕੁਝ ਨਹੀਂ ਕਹਿ ਰਿਹਾ।



Honesty, Reliability, Commitment
Hira Randhawa
Broker
HomeLife SilverCity
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$679,999 — Flower-Town & Mclaughlin
Cozy Bungalow Built On 50*146.9 Ft Lot. This Home Is Perfect For First-Time Buyers. 3+2 Bdrms With 2 Full Bthrms. Fully Renovated Kitchen. Lots Of Outdoor Space For Summer Pot Lights On The Main Floor. The Whole House Rented For $ 2900.

$689,999 — Chinguacousy & Drinkwater
A Great Opportunity To Own This Beautiful 3+1 Bedroom Detached Home In Brampton Prime Location!! Close To Schools, Mississauga, Hwy 407 And Much More Amenities!! This Home Is Good For A Single -Family Residence Or You Can Convert The Basement For Rental Potential!!

$699,000 — Netherwood/Morning Star
4 Bedrooms Semi-Detached, Five Backsplit House With Two Bedrooms Basement With Separate Entrance, Huge Lot, 6 Car Parking, Good Sized Rooms, Very Desirable Location, Property Is Rented For $3200 + Utilities.

$699,900 — Edenbrook Hill/Wanless
Beautiful Detached Home, Kitchen With Breakfast Area, Ceramic Floor And Walk-Out To Backyard. Master Bedroom Has 3Pc Ensuite Bathroom, Hardwood On Main Floors, Close To School, Park And All Amenities. Stainless Steel Appls.

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

MICHELIN HANKOOK Continental ROADLUX BFGoodrich AEOLUS COMPASAL Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
Spring Sale
1715 Sismet Rd, Mississauga | Call Ranjit: 416.624.8351 | Tel: 905.625.0055

# ਜੀ ਐੱਸ ਟੀ ਦੀ ਚੋਰੀ ਸਣੇ ਕਈ ਕੇਸਾਂ ਦਾ ਦੋਸ਼ੀ ਰਜਨੀਸ਼ ਗਰਗ ਦਿੱਲੀ ਹਵਾਈ ਅੱਡੇ ਤੋਂ ਕਾਬੂ

ਅਬੋਹਰ, 7 ਅਗਸਤ (ਪੋਸਟ ਬਿਊਰੋ)- ਕਰੋੜਾਂ ਰੁਪਏ ਦੀ ਟੈਕਸ ਚੋਰੀ ਦੇ ਦੋਸ਼ ਵਿੱਚ ਈ ਡੀ ਅਤੇ ਕੇਂਦਰੀ ਏਜੰਸੀਆਂ ਤੋਂ ਇਲਾਵਾ ਧੋਖਾਦੇਹੀ ਦੇ ਦੋ ਕੇਸਾਂ ਵਿੱਚ ਨਾਮਜ਼ਦ ਰਜਨੀਸ਼ ਗਰਗ ਨੂੰ ਕੱਲ੍ਹ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਦਿੱਲੀ ਤੋਂ ਕਾਬੂ ਕਰ ਲਿਆ ਜਾਣ ਦੀ ਖਬਰ ਆਈ ਹੈ।



ਮਿਲੀ ਜਾਣਕਾਰੀ ਅਨੁਸਾਰ ਮੂਲ ਰੂਪ ਤੋਂ ਅਬੋਹਰ ਦਾ ਵਾਸੀ ਤੇ ਹਾਲ ਆਬਾਦ ਦਿੱਲੀ ਦਾ ਵਾਸੀ ਰਜਨੀਸ਼ ਗਰਗ ਅਤੇ ਉਸ ਦੇ ਭਰਾ ਵਿਸ਼ਨੂੰ ਗੁਪਤਾ ਪੁੱਤਰ ਮਹਿੰਦਰ ਕੁਮਾਰ 'ਤੇ ਇਸ ਨਗਰ ਦੇ ਥਾਣਾ ਸਿਟੀ ਵਿੱਚ ਅਮਿਤ ਮੁੰਜਾਲ ਵਾਸੀ ਮਾਡਲ ਟਾਊਨ ਨੇ ਕੇਸ ਦਰਜ ਕਰਵਾ ਕੇ ਦੋਸ਼ ਲਾਇਆ ਸੀ ਕਿ ਰਜਨੀਸ਼ ਗਰਗ ਨੇ ਦਿੱਲੀ ਵਿੱਚ ਪੀ ਐਨ ਬੀ ਵਿੱਚ ਉਸ ਦਾ ਖਾਤਾ ਖੁੱਲ੍ਹਵਾ ਕੇ ਅਤੇ ਖਾਲੀ ਚੈੱਕਾਂ 'ਤੇ ਦਸਤਖਤ ਕਰਵਾ ਕੇ ਉਸ ਦੇ ਖਾਤੇ ਵਿੱਚੋਂ ਕਰੋੜਾਂ ਰੁਪਏ ਦਾ ਲੈਣ ਦੇਣ ਕੀਤਾ ਹੈ। ਇਨਕਮ ਟੈਕਸ ਵਿਭਾਗ ਦਾ ਦੋ ਕਰੋੜ ਤਿੰਨ ਲੱਖ ਰੁਪਏ ਦੀ ਰਿਕਵਰੀ ਦਾ ਨੋਟਿਸ ਮਿਲਣ 'ਤੇ ਪੂਰੇ ਕੇਸ ਦਾ ਖੁਲਾਸਾ ਹੋਇਆ, ਜਿਸ ਪਿੱਛੋਂ ਪੁਲਸ ਨੇ ਜਾਂਚ ਕਰ ਕੇ ਰਜਨੀਸ਼ ਗਰਗ ਅਤੇ ਵਿਸ਼ਨੂੰ ਗੁਪਤਾ ਉਤੇ ਥਾਣਾ ਸਿਟੀ ਵਿੱਚ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਸੀ। ਇਸੇ ਤਰ੍ਹਾਂ ਦੀਪਕ ਕੁਮਾਰ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਰਜਨੀਸ਼ ਗਰਗ ਅਤੇ ਵਿਸ਼ਨੂੰ ਗੁਪਤਾ ਨੇ ਉਸ ਦਾ ਖਾਤਾ ਖੁੱਲ੍ਹਵਾ ਕੇ ਕਰੋੜਾਂ ਰੁਪਏ ਦਾ ਲੈਣ-ਦੇਣ ਕੀਤਾ ਹੈ। ਪੁਲਸ ਨੇ ਜਾਂਚ ਪਿੱਛੋਂ ਇਸ ਬਾਰੇ ਵੀ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਸੀ। ਵਰਨਣ ਯੋਗ ਹੈ ਕਿ ਉਕਤ ਦੋਵੇਂ ਭਰਾ ਇੱਕ ਸਾਜ਼ਿਸ਼ ਤਹਿਤ ਬੇਰੋਜ਼ਗਾਰ ਨੌਜਵਾਨਾਂ ਨੂੰ ਨੌਕਰੀ ਦੇਣ ਦਾ ਝਾਂਸਾ ਦੇ ਕੇ ਦਿੱਲੀ ਵਿੱਚ ਉਨ੍ਹਾਂ ਦੇ ਬੈਂਕ ਖਾਤੇ ਖੁਲ੍ਹਵਾਉਂਦੇ ਅਤੇ ਉਨ੍ਹਾਂ ਵਿੱਚ ਕਰੋੜਾਂ ਰੁਪਏ ਦਾ ਜੀ ਐੱਸ ਟੀ ਚੋਰੀ ਦਾ ਲੈਣ-ਦੇਣ ਕਰਦੇ ਸਨ। ਬੇਰੋਜ਼ਗਾਰ ਨੌਜਵਾਨਾਂ ਨੂੰ ਖਾਤਾ ਖੁੱਲ੍ਹਵਾਉਣ ਲਈ ਪ੍ਰਤੀ ਮਹੀਨਾ 10 ਹਜ਼ਾਰ ਰੁਪਏ ਦਿੱਤੇ ਜਾਂਦੇ ਸਨ। ਭੇਤ ਖੁੱਲ੍ਹਣ ਪਿੱਛੋਂ ਜੀ ਐਸ ਟੀ ਚੋਰੀ ਕਰਨ ਦਾ ਮੁੱਦਾ ਸਾਹਮਣੇ ਆਇਆ। ਸਿਟੀ ਥਾਣਾ ਵਿੱਚ ਕੇਸ ਦਰਜ ਹੋਣ ਤੋਂ ਬਾਅਦ ਦੋਵੇਂ ਭਰਾ ਫਰਾਰ ਸਨ। ਰਜਨੀਸ਼ ਗਰਗ ਕੱਲ੍ਹ ਭੂਟਾਨ ਜਾਣ ਲਈ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ 'ਤੇ ਪਹੁੰਚਿਆ ਸੀ, ਜਿੱਥੇ ਦਿੱਲੀ ਪੁਲਸ ਨੇ ਉਸ ਨੂੰ ਕਾਬੂ ਕਰ ਕੇ ਅਬੋਹਰ ਪੁਲਸ ਨੂੰ ਸੂਚਨਾ ਭੇਜੀ। ਉਸ ਦੇ ਫੜੇ ਜਾਣ ਦੀ ਪੁਸ਼ਟੀ ਡੀ ਐੱਸ ਪੀ ਅਬੋਹਰ ਕੁਲਦੀਪ ਸਿੰਘ ਭੁੱਲਰ ਨੇ ਕੀਤੀ ਤੇ ਕਿਹਾ ਕਿ ਇੱਕ ਟੀਮ ਦਿੱਲੀ ਭੇਜੀ ਗਈ ਹੈ। ਸੰਭਾਵਨਾ ਹੈ ਕਿ ਕੱਲ੍ਹ ਤੱਕ ਰਜਨੀਸ਼ ਨੂੰ ਅਬੋਹਰ ਲਿਆਂਦਾ ਜਾ ਸਕੇਗਾ।

# ਇਨੋਵਾ ਤੇ ਮੋਟਰ ਸਾਈਕਲ ਦੀ ਟੱਕਰ ਨਾਲ ਪਿਉ ਪੁੱਤ ਸਣੇ ਤਿੰਨ ਮੌਤਾਂ

ਦੋਰਾਹਾ, 7 ਅਗਸਤ (ਪੋਸਟ ਬਿਊਰੋ)- ਕੱਲ੍ਹ ਇਥੋਂ ਤਿੰਨ ਕਿਲੋਮੀਟਰ ਦੂਰ ਦੱਖਣੀ ਬਾਈਪਾਸ 'ਤੇ ਨਹਿਰ ਨੇੜੇ ਇਨੋਵਾ ਕਾਰ ਤੇ ਮੋਟਰ ਸਾਈਕਲ ਦੀ ਟੱਕਰ ਵਿੱਚ ਪਿਉ ਪੁੱਤ ਸਣੇ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ।




ਮਿਲੀ ਜਾਣਕਾਰੀ ਅਨੁਸਾਰ ਮੋਟਰ ਸਾਈਕਲ 'ਤੇ ਤਿੰਨ ਵਿਅਕਤੀ ਜਾ ਰਹੇ ਸਨ, ਜਿਨ੍ਹਾਂ ਨੂੰ ਪਿੱਛਿਓ ਤੇਜ਼ ਰਫਤਾਰ ਨਾਲ ਆਈ ਇਨੋਵਾ ਕਾਰ ਨੇ ਟੱਕਰ ਮਾਰ ਦਿੱਤੀ। ਟੱਕਰ ਏਨੀ ਜ਼ੋਰਦਾਰ ਸੀ ਕਿ ਮੋਟਰ ਸਾਈਕਲ ਸਵਾਰ ਦੋ ਵਿਅਕਤੀ 30 ਫੁੱਟ ਦੂਰ ਜਾ ਕੇ ਡਿੱਗੇ। ਮੋਟਰ ਸਾਈਕਲ ਸਵਾਰ ਗਿਆਨ ਸਿੰਘ (58) ਪੁੱਤਰ ਮੁਨਸ਼ੀ ਸਿੰਘ ਪਿੰਡ ਪਾਇਲ ਤੇ ਉਸ ਦੇ 28 ਸਾਲਾ ਪੁੱਤਰ ਹਰਚਰਨ ਸਿੰਘ ਦੀ ਘਟਨਾ ਸਥਾਨ 'ਤੇ ਮੌਤ ਹੋ ਗਈ, ਜਦੋਂ ਕਿ ਗਿਆਨ ਸਿੰਘ ਦਾ ਕੁੜਮ ਸੋਹਣ ਸਿੰਘ (70), ਜੋ ਗੰਭੀਰ ਜ਼ਖਮੀ ਹੋ ਗਿਆ ਸੀ, ਦੀ ਮੌਤ ਲੁਧਿਆਣਾ ਦੇ ਪ੍ਰਾਈਵੇਟ ਹਸਪਤਾਲ ਵਿੱਚ ਹੋ ਗਈ। ਇਨੋਵਾ 'ਚ ਸਵਾਰ ਤਿੰਨ ਵਿਅਕਤੀ ਹਾਦਸੇ ਉਪਰੰਤ ਕਾਰ ਛੱਡ ਕੇ ਫਰਾਰ ਹੋ ਗਏ।

ਦੋਰਾਹਾ ਥਾਣੇ 'ਚ ਤਾਇਨਾਤ ਏ ਐਸ ਆਈ ਸੁਖਵਿੰਦਰ ਸਿੰਘ ਵੱਲੋਂ ਪੜਤਾਲ ਕਰਨ ਅਤੇ ਇਕ ਚਸ਼ਮਦੀਦ ਵੱਲੋਂ ਦਿੱਤੀ ਜਾਣਕਾਰੀ ਤੋਂ ਪਤਾ ਲੱਗਾ ਕਿ ਇਨੋਵਾ ਵਿੱਚ ਇਕ ਪੁਲਸ ਮੁਲਾਜ਼ਮ ਗੁਰਪ੍ਰੀਤ ਸਿੰਘ, ਜੋ ਨਾਰਕੋਟਿਕ ਸੈਲ ਖੰਨਾ 'ਚ ਤਾਇਨਾਤ ਹੈ, ਦੇ ਨਾਲ ਸ਼ਰਾਬ ਠੇਕੇਦਾਰ ਪਵਨ ਗਰਚਾ ਅਤੇ ਕਾਰ ਚਾਲਕ ਮਨਦੀਪ ਸਿੰਘ ਪਿੰਡ ਮੱਲ੍ਹੀਪੁਰ ਸਵਾਰ ਸਨ। ਇਹ ਵੀ ਪਤਾ ਲੱਗਾ ਹੈ ਕਿ ਘਟਨਾ ਤੋਂ ਕੁਝ ਦੂਰ ਪੁਲਸ ਨੇ ਨਾਕਾ ਲਾਇਆ ਹੋਇਆ ਸੀ ਅਤੇ ਇਸੇ ਦੌਰਾਨ ਉਥੋਂ ਇਕ ਵਾਹਨ ਲੰਘਿਆ, ਜਿਸ ਨੂੰ ਪੁਲਸ ਨੇ ਰੁਕਣ ਦਾ ਇਸ਼ਾਰਾ ਕੀਤਾ, ਪ੍ਰੰਤੂ ਉਕਤ ਵਾਹਨ ਨਾਕੇ 'ਤੇ ਰੁਕਣ ਦੀ ਥਾਂ ਤੇਜ਼ੀ ਨਾਲ ਨਿਕਲ ਗਿਆ, ਜਿਸ ਦਾ ਪਿੱਛਾ ਉਕਤ ਇਨੋਵਾ ਕਾਰ ਵਾਲੇ ਕਰ ਰਹੇ ਸਨ ਕਿ ਅੱਗੇ ਜਾ ਕੇ ਮੋਟਰ ਸਾਈਕਲ ਨਾਲ ਹਾਦਸਾ ਵਾਪਰ ਗਿਆ। ਐਸ ਐਚ ਓ ਦੋਰਾਹਾ ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

## ਕੈਂਟਰ-ਬਲੈਨੋ ਦੀ ਟੱਕਰ ਵਿੱਚ ਨੌਜਵਾਨ ਦੀ ਮੌਤ

ਲੁਧਿਆਣਾ, 7 ਅਗਸਤ (ਪੋਸਟ ਬਿਊਰੋ)- ਲਾਡੋਵਾਲ ਟੋਲ ਪਲਾਜ਼ਾ ਦੇ ਨੇੜੇ ਬਲੈਨੋ ਕਾਰ ਸੜਕ 'ਤੇ ਪੰਕਚਰ ਖੜ੍ਹੇ ਕੈਂਟਰ ਦੇ ਨਾਲ ਟਕਰਾ ਗਈ। ਇਸ ਹਾਦਸੇ ਵਿੱਚ ਕਾਰ ਚਾਲਕ ਜਲੰਧਰ ਦੇ ਦੀਪ ਨਗਰ ਵਾਸੀ ਸ਼ਰਦ ਗੋਇਲ ਦੀ ਮੌਤ ਹੋ ਗਈ ਹੈ। ਪੁਲਸ ਨੇ ਕੈਂਟਰ ਚਾਲਕ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਸ਼ਰਦ ਗੋਇਲ ਲੁਧਿਆਣਾ ਦੇ ਫੋਕਲ ਪੁਆਇੰਟ ਵਿੱਚ ਐਸ ਕੇ ਬਾਈਕਸ ਪ੍ਰਾਈਵੇਟ ਲਿਮਟਿਡ ਦਾ ਸੇਲਜ਼ ਮੈਨੇਜਰ ਸੀ। ਉਹ ਰੋਜ਼ ਜਲੰਧਰ ਤੋਂ ਲੁਧਿਆਣਾ ਆਉਂਦਾ-ਜਾਂਦਾ ਸੀ। ਕੱਲ੍ਹ ਸਵੇਰੇ ਘਰੋਂ ਕੰਮ ਲਈ ਨਿਕਲਿਆ ਤਾਂ ਜਦੋਂ ਉਸ ਨੇ ਲੱਢੂਵਾਲ ਟੋਲ ਪਲਾਜ਼ਾ ਪਾਰ ਕੀਤਾ ਤਾਂ ਕਾਦੀਆਂ ਨੇੜੇ ਸੜਕ ਕਿਨਾਰੇ ਖੜ੍ਹੇ ਕੈਂਟਰ ਦੇ ਪਿੱਛੇ ਉਸ ਦੀ ਗੱਡੀ ਜਾ ਵੱਜੀ। ਇਸ ਤੋਂ ਸ਼ਰਦ ਗੰਭੀਰ ਜ਼ਖਮੀ ਹੋ ਗਿਆ ਸੀ।

# ਨਸ਼ੇ ਦੇ ਕੇਸ ਵਿੱਚ ਫਸਾਉਣ ਦੀ ਧਮਕੀ ਨਾਲ ਰਿਸ਼ਵਤ ਲੈਣ ਵਾਲੇ ਏ ਐੱਸ ਆਈ ਤੇ ਹੌਲਦਾਰ ਨੂੰ ਕੈਦ

ਮੋਗਾ, 7 ਅਗਸਤ (ਪੋਸਟ ਬਿਊਰੋ)- ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਸੋਨੀਆ ਕਿੰਨਰਾ ਦੀ ਅਦਾਲਤ ਨੇ ਨਾਰਕੋਟਿਕਸ ਸੈੱਲ ਦੇ ਉਸ ਵਕਤ ਦੇ ਏ ਐੱਸ ਆਈ ਬਲਜਿੰਦਰ ਸਿੰਘ ਅਤੇ ਹੌਲਦਾਰ ਹਰਭਜਨ ਸਿੰਘ ਨੂੰ ਰਿਸ਼ਵਤ ਲੈਣ ਦੇ ਜੁਰਮ ਵਿੱਚ ਚਾਰ ਸਾਲ ਕੈਦ ਦੀ

A/Z CITY DRIVER
WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton



ਸਜ਼ਾ ਸੁਣਾਈ ਅਤੇ ਪੰਜ ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ ਹੈ। ਦੋਵੇਂ ਆਂਡਿਆਂ ਦੀ ਰੇਹੜੀ ਵਾਲੇ ਨੂੰ ਨਸ਼ਾ ਤਸਕਰੀ ਵਿੱਚ ਫਸਾਉਣ ਦੀ ਧਮਕੀ ਦੇ ਕੇ 50 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਫੜੇ ਗਏ ਸਨ।

ਪੀੜਤ ਬਲਜਿੰਦਰ ਸਿੰਘ ਨੇ ਵਿਜੀਲੈਂਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਨੌਂ ਨਵੰਬਰ 2017 ਨੂੰ ਏ ਐੱਸ ਆਈ ਬਲਜਿੰਦਰ ਸਿੰਘ ਅਤੇ ਹੌਲਦਾਰ ਹਰਭਜਨ ਸਿੰਘ ਨੇ ਉਸ ਨੂੰ ਚੁੱਕ ਲਿਆ ਅਤੇ ਧਮਕਾਇਆ ਕਿ ਉਸ ਦਾ ਨਾਂਅ ਚਿੱਟਾ ਵੇਚਣ ਵਾਲਿਆਂ ਵਿੱਚ ਆਇਆ ਹੈ। ਉਸ ਨੂੰ ਛੱਡਣ ਦੇ ਬਦਲੇ 1.50 ਲੱਖ ਰੁਪਏ ਦੀ ਮੰਗ ਕੀਤੀ ਗਈ। ਬਾਅਦ ਵਿੱਚ 1.20 ਲੱਖ ਲੈ ਕੇ ਛੱਡ ਦਿੱਤਾ ਗਿਆ। 14 ਨਵੰਬਰ ਨੂੰ ਉਸ ਤੋਂ ਦੋ ਲੱਖ ਰੁਪਏ ਫਿਰ ਮੰਗੇ ਤਾਂ ਉਸ ਨੇ ਵਿਜੀਲੈਂਸ ਨੂੰ ਸ਼ਿਕਾਇਤ ਦੇ ਦਿੱਤੀ। ਦੋ ਲੱਖ ਦੇ ਬਜਾਏ ਜਦ ਉਹ 50 ਹਜ਼ਾਰ ਦੇ ਰਿਹਾ ਸੀ ਤਾਂ ਵਿਜੀਲੈਂਸ ਨੇ ਦੋਵਾਂ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ। ਵਿਜੀਲੈਂਸ ਟੀਮ ਨੇ 17 ਨਵੰਬਰ 2017 ਨੂੰ ਦੋਵਾਂ ਨੂੰ ਗ੍ਰਿਫਤਾਰ ਕਰਨ ਪਿੱਛੋਂ ਉਨ੍ਹਾਂ ਦੀ ਪ੍ਰਾਈਵੇਟ ਰਿਹਾਇਸ਼ 'ਤੇ ਛਾਪੇ ਮਾਰੇ ਤਾਂ ਉਥੋਂ ਨਸ਼ੇ ਦੇ ਰੂਪ ਵਿੱਚ ਵਰਤੀਆਂ ਜਾਂਦੀਆਂ ਸੱਤ ਸੌ ਗੋਲੀਆਂ ਬਰਾਮਦ ਹੋਈਆਂ ਸਨ। ਏ ਐੱਸ ਆਈ ਬਲਜਿੰਦਰ ਜੂਨ 2015 ਵਿੱਚ ਦਸ ਹਜ਼ਾਰ ਰੁਪਏ ਰਿਸ਼ਵਤ ਲੈਂਦੇ ਗ੍ਰਿਫਤਾਰ ਹੋਇਆ ਸੀ। ਇਹ ਮਾਮਲਾ ਵੀ ਨਸ਼ੇ ਦੇ ਕੇਸ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਨਾ ਕਰਨ ਦੇ ਸੌਦੇ ਦਾ ਸੀ। ਦਸੰਬਰ 2015 ਵਿੱਚ ਭਾਜਪਾ ਨੇਤਾ ਅਤੇ ਮੈਡੀਕਲ ਸਟੋਰ ਮਾਲਕ ਦੀ ਸ਼ਿਕਾਇਤ 'ਤੇ 35 ਹਜ਼ਾਰ ਰੁਪਏ ਰਿਸ਼ਵਤ ਲੈਣ ਦਾ ਵੀ ਕੇਸ ਦਰਜ ਹੋਇਆ ਸੀ।

## ਪ੍ਰਾਪਰਟੀ ਦਾ ਇੰਤਕਾਲ ਚੜ੍ਹਾਉਣ ਦੇ ਚਾਰ ਹਜ਼ਾਰ ਲੈਂਦਾ ਪਟਵਾਰੀ ਫੜ੍ਹਿਆ ਗਿਆ

ਜਲੰਧਰ, 7 ਅਗਸਤ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਨੇ ਗਿੱਦੜਪਿੰਡੀ, ਸ਼ਾਹਕੋਟ ਦੇ ਪਟਵਾਰੀ ਗੁਰਦੇਵ ਸਿੰਘ ਨੂੰ ਚਾਰ ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਗ੍ਰਿਫਤਾਰ ਕੀਤਾ ਹੈ।

ਇਸ ਬਾਰੇ ਵਿਜੀਲੈਂਸ ਬਿਊਰੋ ਦੇ ਐੱਸ ਐੱਸ ਪੀ ਦਲਜਿੰਦਰ ਸਿੰਘ ਨੇ ਦੱਸਿਆ ਕਿ ਪਟਵਾਰੀ ਗੁਰਦੇਵ ਸਿੰਘ ਦੇ ਖਿਲਾਫ ਕੁਝ ਦਿਨ ਪਹਿਲਾਂ ਨਵਨੀਤ ਕੌਰ ਵਾਸੀ ਗਿੱਦੜਪਿੰਡੀ ਨੇ ਸ਼ਿਕਾਇਤ ਦਿੱਤੀ ਸੀ ਕਿ ਉਨ੍ਹਾਂ ਦੀ ਮਾਂ ਨੇ 10 ਮਰਲੇ ਦਾ ਪਲਾਟ 2014 ਵਿੱਚ ਉਨ੍ਹਾਂ ਦੇ ਨਾਂਅ ਕੀਤਾ ਸੀ, ਪਰ ਇੰਤਕਾਲ ਨਹੀਂ ਚੜ੍ਹਿਆ। ਉਹ ਆਪਣੀ ਮਾਸੀ ਨਾਲ ਪਟਵਾਰੀ ਗੁਰਦੇਵ ਨੂੰ ਮਿਲੀ ਤਾਂ ਪਟਵਾਰੀ ਨੇ ਫੋਨ 'ਤੇ ਗੱਲ ਕਰਨ ਲਈ ਕਿਹਾ। ਜਦ ਪਟਵਾਰੀ ਗੁਰਦੇਵ ਸਿੰਘ ਨੂੰ ਫੋਨ ਕੀਤਾ ਤਾਂ ਉਸ ਨੇ ਕੰਮ ਕਰਨ ਦੇ ਬਦਲੇ 4000 ਰੁਪਏ ਮੰਗੇ ਸਨ। ਵਿਜੀਲੈਂਸ ਬਿਊਰੋ ਡੀ ਐੱਸ ਪੀ ਨਿਰੰਜਨ ਸਿੰਘ ਨੇ ਦੱਸਿਆ ਕਿ ਪਲਾਟ ਦਾ ਇੰਤਕਾਲ ਚੜ੍ਹਾਉਣ ਲਈ ਪਟਵਾਰੀ ਨੇ ਨਵਨੀਤ ਕੌਰ ਤੋਂ ਚਾਰ ਹਜ਼ਾਰ ਮੰਗਣ ਪਿੱਛੋਂ ਰਜਿਸਟਰੀ ਅਤੇ ਬਾਕੀ ਦਸਤਾਵੇਜ਼ ਜਮ੍ਹਾ ਕਰਾਉਣ ਨੂੰ ਕਿਹਾ ਸੀ। ਪਟਵਾਰੀ ਗੁਰਦੇਵ ਸਿੰਘ ਨੇ ਨਵਨੀਤ ਕੌਰ ਨੂੰ ਕੱਲ੍ਹ ਦਸਤਾਵੇਜ਼ ਨਾਲ ਆਪਣੇ ਦਫਤਰ ਬੁਲਾਇਆ। ਸ਼ਿਕਾਇਤ ਦੇ ਕਾਰਨ ਦੋਸ਼ੀ ਪਟਵਾਰੀ ਗੁਰਦੇਵ ਸਿੰਘ ਨੂੰ ਫੜਨ ਲਈ ਦਫਤਰ ਵਿੱਚ ਟ੍ਰੈਪ ਲਾਇਆ ਗਿਆ। ਜਦੋਂ ਨਵਨੀਤ ਕੌਰ ਨੇ ਪਟਵਾਰੀ ਨੂੰ ਪੈਸੇ ਦਿੱਤੇ ਤਾਂ ਉਸ ਨੂੰ ਰੰਗੇ ਹੱਥ ਗ੍ਰਿਫਤਾਰ ਕਰ ਲਿਆ ਗਿਆ।




Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਨਾਈ ਵੈਸ਼ਨੋ ਲੜਕਾ, ਉਮਰ 25 ਸਾਲ, 5'-7'' ਮਾਸਟਰ ਡਿਗਰੀ ਅਕਾਊਂਟਸ ਆਸਟਰੇਲੀਆ ਲਈ ਕੈਨੇਡਾ ਜਾ ਆਸਟਰੇਲੀਆ ਵਿੱਚ ਰਹਿੰਦੀ ਮਾਸਟਰ ਡਿਗਰੀ ਵਾਲੀ ਸੁੰਦਰ ਤੇ ਵੈਸ਼ਨੋ ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-261-3212

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੁਿਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
◦$29 per hr
◦Experience: 3-5 years
◦Education has to be secondary high school or equivalent experience
Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
◦$50 per hr
◦Experience: 5 years or more
◦Education: Bachelors Degree Business/Commerce
Email Resume: hr@cellntell.com or umar.w@cellntell.com

STARLANE PAINTING
Residential ▪ Commercial ▪ Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੇ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਢੀਂਡਸਾ

# 375 ਸੀ.ਐੱਚ.ਟੀ. ਤੇ 1558 ਐੱਚ.ਟੀ. ਅਧਿਆਪਕਾਂ ਦੀ ਸਿੱਧੀ ਭਰਤੀ ਦੇ ਨਤੀਜੇ ਦਾ ਐਲਾਨਿਆ



ਚੰਡੀਗੜ੍ਹ, 7 ਅਗਸਤ (ਗਿਆਨ ਸਿੰਘ): ਸਿੱਖਿਆ ਮੰਤਰੀ ਪੰਜਾਬ ਵਿਜੇ ਇੰਦਰ ਸਿੰਗਲਾ ਵੱਲੋਂ ਅੱਜ ਚੰਡੀਗੜ੍ਹ ਵਿਖੇ 375 ਸੀ.ਐੱਚ.ਟੀ ਤੇ 1558 ਐੱਚ. ਟੀ. ਅਧਿਆਪਕਾਂ ਦੀ ਸਿੱਧੀ ਭਰਤੀ ਦੇ ਆਨ ਲਾਈਨ ਨਤੀਜੇ ਦਾ ਐਲਾਨ ਕੰਪਿਊਟਰ ਦਾ ਬਟਨ ਦਬਾ ਕੇ ਕੀਤਾ। ਸਿੱਖਿਆ ਵਿਭਾਗ ਵੱਲੋਂ ਨਸ਼ਰ ਕੀਤੀ ਜਾਣਕਾਰੀ ਅਨੁਸਾਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ-ਕਮ-ਡਾਇਰੈਕਟਰ ਜਰਨਲ ਸਕੂਲ ਸਿੱਖਿਆ, ਪੰਜਾਬ ਵੱਲੋਂ 375 ਸੀ.ਐੱਚ.ਟੀ ਅਤੇ 1558 ਐੱਚ.ਟੀ.ਅਧਿਆਪਕਾਂ ਦੀ ਸਿੱਧੀ ਭਰਤੀ ਲਈ ਇਸ ਸਾਲ 9 ਮਾਰਚ ਨੂੰ ਦਿੱਤੇ ਗਏ ਇਸ਼ਤਿਹਾਰ ਅਤੇ 20,21 ਜੁਲਾਈ ਨੂੰ ਲਈ ਗਈ ਪ੍ਰੀਖਿਆ ਦਾ ਨਤੀਜਾ ਐਲਾਨਿਆ ਗਿਆ ਹੈ।

ਸਿੱਖਿਆ ਮੰਤਰੀ ਨੇ ਦੱਸਿਆ ਕਿ ਸੀ.ਐੱਚ.ਟੀ ਦੀ ਭਰਤੀ ਲਈ 4543 ਅਤੇ ਐਚ.ਟੀ. ਦੀ ਭਰਤੀ ਲਈ 7314 ਅਰਜ਼ੀਆਂ ਪ੍ਰਾਪਤ ਹੋਈਆਂ ਸਨ। ਉਹਨਾਂ ਕਿਹਾ ਕਿ ਸਿੱਖਿਆ ਵਿਭਾਗ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਪ੍ਰਾਇਮਰੀ ਵਰਗ ਲਈ ਸਰਕਾਰ ਵੱਲੋਂ ਵਿਭਾਗ ਵਿੱਚ ਪਹਿਲਾਂ ਹੀ ਵੱਖ-ਵੱਖ ਕੈਟਾਗਰੀਆਂ ਅਧੀਨ ਕੰਮ ਕਰਦੇ ਸਰਕਾਰੀ ਅਧਿਆਪਕਾਂ ਨੂੰ ਸਿੱਧੀ ਭਰਤੀ ਦਾ ਮੌਕਾ ਦਿੱਤਾ ਗਿਆ ਹੈ।

ਸਿੱਖਿਆ ਮੰਤਰੀ ਸਿੰਗਲਾ ਨੇ ਦੱਸਿਆ ਕਿ ਉਪਰੋਕਤ ਪ੍ਰੀਖਿਆ ਪਾਸ ਅਧਿਆਪਕਾਂ ਲਈ ਇਹ ਬਹੁਤ ਸੁਨਹਿਰਾ ਅਵਸਰ ਹੈ ਕਿਉਂਕਿ ਉਹ ਜਵਾਨੀ ਦੀ ਉਮਰ 'ਚ ਹੀ ਸੀ.ਐੱਚ.ਟੀ ਤੇ ਐੱਚ.ਟੀ ਬਣ ਜਾਣਗੇ, ਇਸ ਕਰਕੇ ਉਹਨਾਂ ਲਈ ਅਗਲੇਰੀ ਵਿਭਾਗੀ ਤਰੱਕੀ ਵਿੱਚ ਬਹੁਤ ਮੌਕੇ ਆਉਂਣਗੇ।

ਉਹਨਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖਿਆ ਵਿਭਾਗ ਦੇ ਮਾਹਿਰਾਂ ਵੱਲੋਂ ਉਪਰੋਕਤ ਦੋਵੇਂ ਕੈਟਾਗਰੀਆਂ ਦੇ ਅਧਿਆਪਕਾਂ ਲਈ ਪ੍ਰੀਖਿਆ ਦਾ ਪੈਟਰਨ ਇਸ ਢੰਗ ਨਾਲ਼ ਤਿਆਰ ਕੀਤਾ ਗਿਆ ਸੀ ਕਿ ਬੱਚਿਆਂ ਨੂੰ ਪੜ੍ਹਾਉਣ ਵੇਲੇ ਵੱਧ ਤੋਂ ਵੱਧ ਕੰਮ ਆਉਣ। ਉਦਾਹਰਣ ਦੇ ਤੌਰ ਤੇ ਇਹਨਾਂ ਪ੍ਰਸ਼ਨਾਂ ਚ ਆਮ ਜਾਣਕਾਰੀ, ਗਿਆਨ-ਵਿਗਿਆਨ, ਸਾਹਿਤ, ਪੰਜਾਬੀ ਸਭਿਆਚਾਰ, ਵਾਤਾਵਰਨ, ਮੈਨੇਜਮੈਂਟ, ਕੰਪਿਊਟਰ ਸਿੱਖਿਆ, ਖੇਤਰ ਨਾਲ਼ ਸਬੰਧਿਤ ਮਸਲਿਆਂ ਆਦਿ ਨਾਲ਼ ਜੁੜੀ ਜਾਣਕਾਰੀ ਪਰੋਸੀ ਗਈ ਸੀ।

ਉਹਨਾਂ ਆਖਿਰ ਵਿੱਚ ਦੱਸਿਆ ਕਿ ਸੀ.ਐੱਚ.ਟੀ. ਤੇ ਐੱਚ.ਟੀ. ਦੀ ਸਿੱਧੀ ਭਰਤੀ ਲਈ ਸ਼ੁਰੂ ਤੋਂ ਲੈ ਕੇ ਆਖ਼ੀਰ ਤੱਕ ਸਾਰੀ ਤਿਆਰੀ ਅਤੇ ਕਾਰਵਾਈ ਕੰਪਿਊਟਰੀਕਰਨ ਤੇ ਅਧਾਰਿਤ ਹੈ ਤੇ ਇਸ ਨੂੰ ਦਖ਼ਲਅੰਦਾਜ਼ੀ ਅਤੇ ਬਾਹਰੀ ਪ੍ਰਭਾਵਾਂ ਤੋਂ ਮੁਕਤ ਰੱਖ ਕੇ ਸ਼ੁੱਧ ਪਾਰਦਰਸ਼ੀ ਤੇ ਭਰੋਸੇਯੋਗਤਾ ਦੀ ਕਸਵੱਟੀ ਤੇ ਪੂਰਾ ਉਤਾਰਿਆ ਗਿਆ ਹੈ।

## ਕਾਨੂੰਨੀ ਨੋਟਿਸ

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੂਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੌਨਤਾਰੀਓ ਸਟਰੀਟ,ਬਰੈਂਪਟਨ,ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।

# ਹਵਾਲਾਤ ਵਿੱਚ ਬੰਦ ਡਾਕਟਰ ਦੀ ਗੋਲੀ ਲੱਗਣ ਨਾਲ ਮੌਤ

ਸਮਰਾਲਾ, 7 ਅਗਸਤ (ਪੋਸਟ ਬਿਊਰੋ)- ਥਾਣਾ ਸਮਰਾਲਾ ਵਿੱਚ ਵਾਪਰੀ ਵੱਡੀ ਘਟਨਾ ਦੌਰਾਨ ਥਾਣੇਦਾਰ ਦੇ ਸਰਕਾਰੀ ਰਿਵਾਲਵਰ ਦੀ ਗੋਲੀ ਲੱਗਣ ਨਾਲ ਇੱਕ ਹਵਾਲਾਤੀ ਦੀ ਮੌਕੇ 'ਤੇ ਮੌਤ ਹੋ ਗਈ। ਇਸ ਕਾਰਨ ਥਾਣੇ ਵਿੱਚ ਭਾਜੜ ਮੱਚ ਗਈ ਅਤੇ ਸੂਚਨਾ ਮਿਲਦੇ ਸਾਰ ਪੁਲਸ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਅਤੇ ਜਾਂਚ ਸ਼ੁਰੂ ਕੀਤੀ।

ਪਿੰਡ ਮੰਜਾਲੀ ਕਲਾਂ ਦਾ ਡਾਕਟਰ ਨਿਰਦੀਪ ਸਿੰਘ ਉਰਫ ਸੋਮੀ (45), ਜੋ ਡਾਕਟਰੀ ਦੀ ਦੁਕਾਨ ਕਰਦਾ ਸੀ, ਨੂੰ ਕੱਲ੍ਹ ਸਮਰਾਲਾ ਪੁਲਸ ਨੇ ਕੁਝ ਨਸ਼ੀਲੀਆਂ ਦਵਾਈਆਂ ਸਮੇਤ ਗ੍ਰਿਫਤਾਰ ਕੀਤਾ ਸੀ। ਪੁਲਸ ਨੇ ਉਸ ਨੂੰ ਅਦਾਲਤ ਵਿੱਚ ਪੇਸ਼ ਕਰਨਾ ਸੀ। ਜਾਂਚ ਕਰਦਾ ਸਹਾਇਕ ਥਾਣੇਦਾਰ ਰਜਿੰਦਰ ਸਿੰਘ ਕਰੀਬ 11 ਵਜੇ ਜਦ ਉਸ ਨੂੰ ਹਵਾਲਾਤ ਵਿੱਚੋਂ ਕੱਢ ਕੇ ਕਾਗਜ਼ਾਂ ਉੱਤੇ ਹਸਤਾਖਰ ਕਰਾਉਣ ਲਈ ਆਪਣੇ ਕਮਰੇ ਵਿੱਚ ਲੈ ਗਿਆ ਤਾਂ ਆਪਣੀ ਰਿਵਾਲਵਰ ਦਰਾਜ ਵਿੱਚ ਛੱਡ ਕੇ ਕੁਝ ਜ਼ਰੂਰੀ ਕਾਗਜ਼ ਲੈਣ ਚਲਾ ਗਿਆ। ਨਿਰਦੀਪ ਸਿੰਘ ਨੇ ਮੌਕਾ ਦੇਖ ਕੇ ਸਹਾਇਕ ਥਾਣੇਦਾਰ ਦੀ ਰਿਵਾਲਵਰ ਦਰਾਜ ਵਿੱਚੋਂ ਕੱਢ ਕੇ ਆਪਣੇ ਸਿਰ ਵਿੱਚ ਗੋਲੀ ਮਾਰ ਲਈ, ਜਿਸ ਕਾਰਨ ਉਸ ਦੀ ਮੌਕੇ 'ਤੇ ਹੋ ਗਈ।

ਐੱਸ ਪੀ (ਡੀ) ਨੇ ਇਸ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਮਾਮਲਾ ਸੰਵੇਦਨਸ਼ੀਲ ਹੈ ਅਤੇ ਇਸ ਦੀ ਬਰੀਕੀ ਨਾਲ ਜਾਂਚ ਲਈ ਐੱਫ ਐੱਸ ਐੱਲ ਟੀਮ ਨੂੰ ਸੂਚਿਤ ਕਰ ਦਿੱਤਾ ਹੈ। ਦੂਜੇ ਪਾਸੇ ਕੱਲ੍ਹ ਸਮਰਾਲਾ ਦੀ ਜੁਡੀਸ਼ੀਅਲ ਮੈਜਿਸਟਰੇਟ ਰਿਫੀ ਭੱਟੀ ਨੇ ਪੁਲਸ ਸਟੇਸ਼ਨ ਪਹੁੰਚ ਕੇ ਘਟਨਾ ਦੀ ਜਾਂਚ ਕੀਤੀ ਅਤੇ ਪਰਵਾਰ ਦਾ ਬਿਆਨ ਕਲਮਬੱਧ ਕੀਤਾ। ਐੱਸ ਪੀ ਜਸਵੀਰ ਸਿੰਘ ਨੇ ਦੱਸਿਆ ਕਿ ਜੋ ਵੀ ਜਾਂਚ ਰਿਪੋਰਟ ਆਏਗੀ, ਉਸ ਮੁਤਾਬਕ ਕਾਰਵਾਈ ਕੀਤੀ ਜਾਏਗੀ। ਘਟਨਾ ਦੀ ਜਾਣਕਾਰੀ ਮਿਲਦੇ ਸਾਰ ਪਿੰਡ ਵਾਸੀਆਂ ਨੇ ਥਾਣੇ ਅੱਗੇ ਧਰਨਾ ਲਾ ਦਿੱਤਾ ਅਤੇ ਆਸ ਪਾਸ ਸੜਕ 'ਤੇ ਜਾਮ ਲੱਗ ਗਿਆ। ਪੁਲਸ ਨੇ ਜਾਮ ਵਿੱਚ ਫਸੇ ਵਾਹਨਾਂ ਨੂੰ ਲਿੰਕ ਸੜਕਾਂ ਤੋਂ ਕੱਢ ਕੇ ਟਰੈਫਿਕ ਜਾਰੀ ਰੱਖਿਆ। ਧਰਨੇ ਵਿੱਚ ਬੈਠੇ ਘਰਦਿਆਂ ਤੇ ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਡਾਕਟਰ ਨਿਰਦੀਪ ਸਿੰਘ ਨੇ ਖੁਦਕੁਸ਼ੀ ਨਹੀਂ ਕੀਤੀ, ਉਸ ਦੀ ਹੱਤਿਆ ਕੀਤੀ ਗਈ ਹੈ। ਉਨ੍ਹਾਂ ਨੇ ਥਾਣੇ ਦੇ ਐੱਸ ਐੱਚ ਓ ਸੁਖਵੀਰ ਸਿੰਘ ਅਤੇ ਏ ਐਸ ਆਈ ਰਜਿੰਦਰ ਸਿੰਘ ਦੇ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ। ਦੇਰ ਸ਼ਾਮ ਏ ਐੱਸ ਆਈ ਰਜਿੰਦਰ ਸਿੰਘ ਨੂੰ ਸਸਪੈਂਡ ਕਰ ਦਿੱਤਾ ਗਿਆ।

# ਸ਼ਰਾਬ ਤਸਕਰੀ ਦੇ ਕੇਸ ਵਿੱਚ ਫੜੇ ਨੌਜਵਾਨ ਦੀ ਪੁਲਸ ਕਸਟਡੀ ਵਿੱਚ ਮੌਤ

ਲੁਧਿਆਣਾ, 7 ਅਗਸਤ (ਪੋਸਟ ਬਿਊਰੋ)- ਸ਼ਰਾਬ ਤਸਕਰੀ ਕੇਸ ਵਿੱਚ ਫੜੇ ਜਸਪਾਲ ਸਿੰਘ ਉਰਫ ਪਾਲਾ, ਵਾਸੀ ਹੀਰਾ ਵਿਹਾਰ ਕਲੋਨੀ, ਸੁਭਾਸ਼ ਨਗਰ ਦੀ ਕੱਲ੍ਹ ਪੁਲਸ ਕਸਟਡੀ ਵਿੱਚ ਮੌਤ ਹੋ ਗਈ।

ਮ੍ਰਿਤਕ ਜਸਪਾਲ ਸਿੰਘ ਉਰਫ ਪਾਲਾ ਦੇ ਭਰਾ ਲਖਬੀਰ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ 'ਤੇ ਸ਼ਰਾਬ ਤਸਕਰੀ ਦੇ ਪਹਿਲੇ ਕੇਸ ਦਰਜ ਸਨ, ਪਰ ਅੱਜ ਕੱਲ੍ਹ ਉਹ ਸੁਧਰ ਗਿਆ ਸੀ ਅਤੇ ਆਟੋ ਚਲਾ ਕੇ ਆਪਣਾ ਅਤੇ ਪਰਵਾਰ ਦਾ ਪੇਟ ਪਾਲਦਾ ਸੀ। ਪਿਛਲੇ ਤਿੰਨ ਮਹੀਨੇ ਤੋਂ ਪਾਲਾ ਬਿਮਾਰ ਸੀ। ਪਰਵਾਰ ਦਾ ਕਹਿਣਾ ਹੈ ਕਿ ਕੱਲ੍ਹ ਸਵੇਰੇ ਛੇ ਵਜੇ ਥਾਣਾ ਟਿੱਬਾ ਦੇ ਇੰਚਾਰਜ, ਇੱਕ ਏ ਐੱਸ ਆਈ ਅਤੇ ਕੁਝ ਪੁਲਸ ਵਾਲੇ ਉਨ੍ਹਾਂ ਦੇ ਘਰ ਆਏ। ਉਨ੍ਹਾਂ ਨੇ ਕਿਸੇ ਪੁਰਾਣੇ ਮਾਮਲੇ ਵਿੱਚ ਪਾਲਾ ਨੂੰ ਨਾਲ ਚੱਲਣ ਲਈ ਕਿਹਾ। ਲਖਬੀਰ ਦੇ ਮੁਤਾਬਕ ਪਾਲਾ ਬਿਮਾਰ ਸੀ, ਇਸ ਲਈ ਉਨ੍ਹਾਂ ਨੇ ਪੁਲਸ ਵਾਲਿਆਂ ਨੂੰ ਉਸ ਨਾ ਲਿਜਾਣ ਦੀ ਗੱਲ ਕੀਤੀ, ਪਰ ਪੁਲਸ ਵਾਲੇ ਨਹੀਂ ਮੰਨੇ ਅਤੇ ਉਸ ਨੂੰ ਨਾਲ ਲੈ ਗਏ। ਲਖਬੀਰ ਦਾ ਕਹਿਣਾ ਹੈ ਕਿ ਸਵੇਰੇ ਸੱਤ ਵਜੇ ਉਹ ਥਾਣੇ ਗਏ ਤਾਂ ਪੁਲਸ ਵਾਲਿਆਂ ਨੇ ਜਲਦੀ ਉਸ ਦੇ ਭਰਾ ਨੂੰ ਛੱਡਣ ਦੀ ਗੱਲ ਕਹੀ। ਇਸ ਦੇ ਬਾਅਦ ਉਹ 10 ਵਜੇ ਥਾਣੇ ਗਏ ਤਾਂ ਪੁਲਸ ਵਾਲਿਆਂ ਦਾ ਕਹਿਣਾ ਸੀ ਕਿ ਪਾਲਾ ਦਾ ਚਲਾਨ ਕੱਟ ਦਿੱਤਾ ਹੈ ਉਸ ਨੂੰ ਅਦਾਲਤ ਵਿੱਚ ਪੇਸ਼ ਕਰਨਾ ਹੈ। ਪਰਵਾਰ ਦਾ ਕਹਿਣਾ ਹੈ ਕਿ ਉਹ ਸ਼ਾਮ ਪੰਜ ਵਜੇ ਥਾਣੇ ਗਏ ਤਾਂ ਪਾਲਾ ਨੂੰ ਕੁਰਸੀ 'ਤੇ ਬਿਠਾਇਆ ਹੋਇਆ ਸੀ ਤੇ ਉਸ ਦੀ ਹਾਲਤ ਖਰਾਬ ਸੀ। ਪੁੱਛਣ 'ਤੇ ਉਸ ਨੇ ਦੱਸਿਆ ਕਿ ਉਸ ਨੂੰ ਕੁੱਟਿਆ ਗਿਆ ਹੈ। ਪਰਵਾਰ ਦਾ ਕਹਿਣਾ ਹੈ ਕਿ ਰਾਤ ਅੱਠ ਵਜੇ ਉਨ੍ਹਾਂ ਨੂੰ ਪੁਲਸ ਦਾ ਫੋਨ ਆਇਆ ਕਿ ਪਾਲਾ ਬੇਹੋਸ਼ ਹੋ ਗਿਆ ਹੈ ਤੇ ਉਸ ਨੂੰ ਹਸਪਤਾਲ ਲੈ ਕੇ ਜਾ ਰਹੇ ਹਨ। ਜਦ ਉਹ ਹਸਪਤਾਲ ਪਹੁੰਚੇ ਤਾਂ ਪਤਾ ਲੱਗਾ ਕਿ ਇਥੇ ਲਿਆਉਣ ਤੋਂ ਪਹਿਲਾਂ ਪਾਲਾ ਦੀ ਮੌਤ ਹੋ ਚੁੱਕੀ ਹੈ। ਪਰਵਾਰ ਦੇ ਮੈਂਬਰਾਂ ਨੇ ਸਿਵਲ ਹਸਪਤਾਲ ਵਿੱਚ ਵੀ ਖੂਬ ਹੰਗਾਮਾ ਕੀਤਾ ਅਤੇ ਪੁਲਸ ਵਾਲਿਆਂ 'ਤੇ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

GABRIEL EXCAVATING & GRADING LTD.
ਮਾਰਖਮ ਵਿੱਚ ਮਕੈਨਿਕ ਦੀ ਲੋੜ
• Full Time Heavy Equipment Mechanic (310T Preferred)
• Exp. with CAT equipment & Mack Trucks
• Company truck supplied
ਹੋਰ ਵੀ ਕਈ ਸੇਵਾਵਾਂ ਤੇ ਰਿਟਾਇਰ ਹੋਣ ਤੇ ਪੈਨਸ਼ਨ ਵੀ ਦਿੱਤੀ ਜਾਂਦੀ ਹੈ
ਕਾਲ ਕਰੋ: 905-470-0482

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ 'ਚ ਇਕ ਸੈਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
$1,000
OVER 15 YEARS OF SERVICE
Professionals in Completing Basements within 3 Weeks
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com


Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਦਾ ਇਕ ਕਾਂਡ

## ਕੰਵਲ ਦਾ ਸ਼ਾਹਕਾਰ ਨਾਵਲ ਪੂਰਨਮਾਸ਼ੀ-2



-ਪ੍ਰਿੰ. ਸਰਵਣ ਸਿੰਘ-

-ਲੜੀ ਜੋੜਨ ਲਈ ਪਿਛਲਾ ਅੰਕ ਦੇਖੋ-

ਪੂਰਨਮਾਸ਼ੀ ਲੋਕ ਗੀਤਾਂ ਨਾਲ ਭਰੀ ਪਈ ਸੀ। ਹਰ ਕਾਂਡ ਦੇ ਅੱਗੇ ਪਿੱਛੇਇਕ ਟੱਪਾ ਸੀ:

ਜੱਟਾ ਤੇਰੀ ਜੂੰਨ ਬੁਰੀ, ਹਲ ਛੱਡ ਕੇ ਚਰ੍ਹੀ ਨੂੰ ਜਾਣਾ।

ਸੁਣ ਵੇ ਮੁੰਡਿਆ ਫੁੱਲ ਵਾਲਿਆ! ਫੁੱਲ ਤੇਰਾ ਲਾਹ ਲਾਂਗੇ, ਜੁੱਤੀ ਮਾਰ ਕੇ ਮਲਾਹਜਾ ਪਾ ਲਾਂਗੇ।

ਲੈ ਪੋਣਾ ਕੁੜੀ ਸਾਗ ਨੂੰ ਚੱਲੀ, ਖੜ੍ਹੀ ਉਡੀਕੇ ਸਾਥਣ ਨੂੰ, ਕੱਚੀ ਕੈਲ ਮਰੋੜੇ ਦਾਤਣ ਨੂੰ।

ਮੇਰੇ ਭਾ ਦਾ ਦੁੱਧ ਮੁਸ਼ਕੇ, ਤੇਰਾ ਰੰਗ ਮੁਸ਼ਕੇ ਮੁਟਿਆਰੇ।

ਬੋਦੀ ਵਾਲਾ ਤਾਰਾ ਚੜ੍ਹਿਆ, ਘਰ ਘਰ ਹੋਣ ਵਿਚਾਰਾਂ

ਕੁਸ ਲੁਟ ਲੀ ਮੈਂ ਪਿੰਡ ਦਿਆਂ ਪੈਂਚਾਂ, ਕੁਸ ਲੱਟ ਲੀ ਸਰਕਾਰਾਂ

ਗਹਿਣੇ ਸਾਰੇ ਘਰ ਦਿਆਂ ਲਾਹ ਲਏ, ਜੋਬਨ ਲੈ ਲਿਆ ਯਾਰਾਂ

ਭੇਡਾਂ ਚਾਰਦੀਆਂ, ਬੇਕਦਰਿਆਂ ਦੀਆਂ ਨਾਰਾਂ...।

ਕੀ ਘੋਲ ਤਵੀਤ ਪਿਆਏ, ਲੱਗੀ ਤੇਰੇ ਮਗਰ ਫਿਰਾਂ।

ਜਾਵੀਂ ਮੇਲੇ 'ਤੇ ਲਿਆ ਦੀਂ ਪਹੁੰਚੀ, ਲੈ ਜਾ ਮੇਰਾ ਗੁੱਟ ਮਿਣ ਕੇ।

ਨਾਂ ਲਿਖ ਲਿਆ ਚੰਦ ਕੁਰੇ ਤੇਰਾ, ਕੋਕੇ ਵਾਲੀ ਡਾਂਗ ਦੇ ਉੱਤੇ।

ਜੱਟ ਸ਼ਾਹ ਨੂੰ ਖੰਘੂਰੇ ਮਾਰੇ, ਕਣਕਾਂ ਨਿਸਰਦੀਆਂ।

ਹੁੰਦੀ ਆ ਪਟੋਲਿਆ ਤਿਆਰੀ, ਕੱਤਣੀ ਨੂੰ ਫੁੱਲ ਲਗਦੇ।

ਤੈਨੂੰ ਵੇਖਿਆਂ ਸਬਰ ਨਾ ਆਵੇ, ਯਾਰਾ ਤੇਰਾ ਘੁੱਟ ਭਰ ਲਾਂ...।


ਮੈਂ ਪੂਰਨਮਾਸ਼ੀ ਕਾਹਦੀ ਪੜ੍ਹੀ, ਇੰਜ ਲੱਗਾ ਜਿਵੇਂ ਕੰਵਲ ਘਰ ਦਾ ਬੰਦਾ ਹੋਵੇ। ਲੱਗਾ ਜਿਵੇਂ ਉਹ ਮੇਰਾ ਚਾਚਾ ਤਾਇਆ ਹੀ ਹੋਵੇ। ਫਿਰ ਮੈਂ ਉਸ ਨੂੰ ਏਨਾ ਮਿਲਿਆ, ਏਨਾ ਮਿਲਿਆ ਕਿ ਹੁਣ ਤਕ ਮਿਲਦਾ ਹੀ ਆ ਰਿਹਾਂ। ਪੌਣੀ ਸਦੀ ਲੰਘ ਗਈ ਉਸ ਨੂੰ ਲਿਖਦਿਆਂ ਅਤੇ ਉਹ ਅਜੇ ਵੀ ਲਿਖੀ ਜਾ ਰਿਹੈ। ਉਹਦੀ ਰਚਨਾਤਮਿਕਤਾ ਦਾ ਕੋਈ ਹੱਦਬੰਨਾ ਨਹੀਂ। ਉਹ ਸਿਰਜਣਾ ਦਾ ਭਰ ਵਗਦਾ ਦਰਿਆ ਹੈ। ਪਹਿਲੀ ਮੁਲਾਕਾਤ ਵੇਲੇ ਉਹ ਚਾਲੀ ਕੁ ਸਾਲਾਂ ਦਾ ਸੀ, ਹੁਣ ਸੌ ਸਾਲਾਂ ਦਾ ਹੋ ਗਿਐ। ਉਸ ਨੇ ਲੱਖ ਤੋਂ ਵੱਧ ਸੰਵਾਦ ਤੇ ਪੰਜਾਹ ਲੱਖ ਤੋਂ ਵੱਧ ਲਫ਼ਜ਼ ਲਿਖ ਛੱਡੇ ਨੇ! ਉਹਦੀ ਲਿਖਣ ਦੀ ਮੈਰਾਥਨ ਅਜੇ ਵੀ ਜਾਰੀ ਹੈ। ਕਈ ਸਾਲਾਂ ਤੋਂ ਉਸ ਨੇ ਕਈ ਵਾਰ ਕਿਹਾ ਹੈ ਕਿ ਆਹ ਉਹਦੀ ਆਖ਼ਰੀ ਕਿਤਾਬ ਹੈ ਪਰ ਲੱਗਦੈ ਉਹ ਤਦ ਤਕ ਲਿਖਦਾ ਰਹੇਗਾ ਜਦ ਤਕ ਸਿੜ੍ਹੀ 'ਤੇ ਨਹੀਂ ਪੈਂਦਾ!

ਕੰਵਲ ਨੂੰ ਮੈਂ ਪਹਿਲੀ ਵਾਰ 1958-59 ਵਿਚ ਵੇਖਿਆ ਸੀ। ਉਦੋਂ ਮੈਂ ਐੱਮ. ਆਰ. ਕਾਲਜ ਫਾਜ਼ਿਲਕਾ ਵਿਚ ਪੜ੍ਹਦਾ ਸਾਂਅਤੇ ਕਾਲਜ ਦੀ ਪੰਜਾਬੀ ਸਾਹਿਤ ਸਭਾ ਦਾ ਸਰਗਰਮ ਮੈਂਬਰ ਸਾਂ। ਸਾਹਿਤ ਸਭਾ ਨੇ ਕਾਲਜ ਵਿਚ ਕਵੀ ਦਰਬਾਰ ਕਰਵਾਇਆ ਜਿਸ ਦੀ ਪ੍ਰਧਾਨਗੀ ਲਈ ਜਸਵੰਤ ਸਿੰਘ ਕੰਵਲ ਨੂੰ ਸੱਦਿਆ ਗਿਆ ਸੀ। ਕਵੀ ਦਰਬਾਰ ਵਿਚ ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਸੰਤੋਖ ਸਿੰਘ ਧੀਰ, ਕ੍ਰਿਸ਼ਨ ਅਸ਼ਾਂਤ, ਸੁਰਜੀਤ ਮਰਜਾਰਾ, ਗੁਰਦਾਸ ਰਾਮ ਆਲਮ, ਸ਼ਿਵ ਕੁਮਾਰ ਬਟਾਲਵੀ ਤੇ ਹੋਰ ਕਈ ਕਵੀ ਆਏ ਸਨ। ਡਾ. ਜਗਤਾਰ ਉਦੋਂ ਜਗਤਾਰ ਪਪੀਹਾ ਹੁੰਦਾ ਸੀ। ਮੈਂ ਸਭਾ ਦੇ ਪ੍ਰਧਾਨ ਹਰਚਰਨਮੌੜ ਨਾਲ ਮਿਲ ਕੇ ਘੱਲ ਕਲਾਂ ਵਾਲੇ ਕਿੱਸ-ਾਕਾਰ ਬੀਰਬਲ ਦੀ ਹਾਸਰਸੀ ਕਵੀਸ਼ਰੀ 'ਭਾਨੀਮਾਰਾਂ ਦੀ ਕਰਤੂਤ' ਵੀ ਸੁਣਾਈ ਸੀ:

ਇਕ ਪਿੰਡ ਜਾ ਕੇ ਨਾਈ, ਲੱਗਾ ਕਰਨ ਸਗਾਈ, ਕਿਸੇ ਪੁੱਛ ਬੈਠਾ ਭਾਈ,
ਕਿਹਾ ਕੁ ਗੁਜ਼ਾਰਾ ਐ, ਹਾਲ ਮੈਨੂੰ
ਉਹਨਾਂ ਦਾ ਸੁਣਾ ਦੇ ਸਾਰਾ ਐ...।
ਵਿਚ ਸਭ ਕੁਝ ਘਰ ਦੇ, ਸਾਕ ਜਲਦੀ
ਤੂੰ ਕਰਦੇ, ਉਂ ਤਾਂ ਚੂਹੇ ਭੁੱਖੇ ਮਰਦੇ,
ਹੈ ਨੀ ਆਟਾ ਕੋਟਾ ਐ, ਉਂ ਤਾਂ ਕੰਮ
ਮੁੰਡੇ ਦਾ ਬਹੁਤ ਮੋਟਾ ਐ...।
ਇਕ ਹੋਰ ਗੱਲ ਕੈਨੂੰ, ਸਾਰਾ ਪਤਾ ਹੋਣਾ
ਤੈਨੂੰ, ਕਿੰਨੇ ਭਾਈ ਦੱਸ ਮੈਨੂੰ,
ਕਿਥੇ ਕਿਥੇ ਵਿਹਾਏ ਐ, ਕਿਥੋਂ ਕਿਥੋਂ
ਸਾਕ ਤਾਂ ਓਨ੍ਹਾਂ ਨੂੰ ਆਏ ਐ...।
ਪੰਜ ਭਾਈ ਪੰਜੇ ਛੜੇ, ਚਾਰ ਜੇਲ੍ਹ
ਰਹਿੰਦੇ ਅੜੇ, ਉਂ ਐ ਚਾਰੇ ਇਹਤੋਂ
ਬੜੇ,
ਇਹ ਚੌਂਹਾਂ ਤੋਂ ਛੋਟਾ ਐ, ਉਂ ਤਾਂ ਕੰ
ਮੁੰਡੇ ਦਾ ਬਹੁਤ ਮੋਟਾ ਐ...।

ਉਦੋਂ ਸ਼ਿਵ ਕੁਮਾਰ ਬਟਾਲਵੀ ਨਵਾਂ ਨਵਾਂ ਕਵੀ ਦਰਬਾਰਾਂ 'ਚ ਜਾਣ ਲੱਗਾ ਸੀ। ਜਿਥੇ ਜਾਂਦਾਸੀ ਮੇਲਾ ਲੁੱਟ ਲੈਂਦਾ ਸੀ। ਉਸ ਨੇ 'ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾਂ' ਨਾਂ ਦੀ ਨਜ਼ਮ ਸੁਣਾਈ ਸੀ। ਗੀਤ 'ਪੀੜਾਂ ਦਾ ਪਰਾਗਾ' ਵੀ ਸੁਣ-ਾਇਆ ਸੀ। ਉਹ ਕੰਨ 'ਤੇ ਹੱਥ ਰੱਖ ਕੇ ਅੱਖਾਂ ਮੀਚ ਕੇ ਗਾਉਂਦਾ ਸੀ।

ਕੰਵਲ ਨੇ ਪ੍ਰਧਾਨਗੀ ਭਾਸ਼ਨ ਦਿੰਦਿਆਂਕਿਹਾ ਸੀ, "ਅਜੇ ਤਕ ਮੈਂ ਦੋ ਚਾਰ ਕਿਤਾਬੜੀਆਂ ਈ ਲਿਖੀਆਂ, ਕੋਈ ਮਾਅਰਕਾ ਨਹੀਂ ਮਾਰਿਆ। ਮੈਨੂੰ ਤਾਂ ਤੁਸੀਂ ਐਵੇਂ ਈ ਵਡਿਆਈ ਜਾਨੇ ਓ"




ਮੈਂਉਹਦੇ ਹੱਥ 'ਸੋਵੀਅਤ ਦੇਸ' ਨਾਂ ਦਾ ਪਰਚਾ ਵੇਖਿਆ ਸੀ। ਉਹਦੀ ਦਾੜ੍ਹੀ ਕਾਲੀ ਸ਼ਾਹ ਤੇ ਖੁੱਲ੍ਹੀ ਸੀ ਅਤੇ ਜੁੱਸਾ ਪਤਲਾ ਪਤੰਗ ਸੀ। ਠੰਢ ਕਰਕੇ ਸੁਆਟਰ ਪਾਇਆ ਹੋਇਆ ਸੀ ਤੇ ਉਤੇ ਲੋਈ ਲਈ ਹੋਈ ਸੀ। ਰਾਤੀਂ ਕਵੀ ਦਰਬਾਰ ਵੇਲੇ ਪੈਂਟ ਪਾਈ ਸੀ ਪਰ ਸਵੇਰ ਵੇਲੇ ਤੰਬੀ ਲਾਈ ਹੋਈ ਸੀ। ਕਾਲਜ ਪੜ੍ਹਦਿਆਂਮੈਂ ਕੰਵਲ ਦਾ ਪਾਠਕ ਬਣਿਆ ਸਾਂ। ਤਦ ਤਕ ਨਾਨਕ ਸਿੰਘ ਦੇ ਕਈ ਨਾਵਲ ਪੜ੍ਹ ਚੁੱਕਾ ਸਾਂ। ਇਕ ਦਿਨ ਕਾਲਜ ਦੀ ਲਾਇਬ੍ਰੇਰੀ 'ਚੋਂ ਨਾਵਲ 'ਪੂਰਨਮਾਸ਼ੀ' ਕਢਵਾ ਕੇ ਜਮਾਤ 'ਚ ਪਿਛਲੇ ਬੈਂਚ ਉਤੇ ਜਾ ਬੈਠਾ। ਨਾਵਲ ਦੀ ਕਹਾਣੀਨੇ ਐਸਾ ਬੰਨ੍ਹਿਆਂ ਪਈ ਪਤਾ ਈ ਨਾ ਲੱਗਾ ਪ੍ਰੋਫ਼ੈਸਰ ਕੀ ਪੜ੍ਹਾਉਂਦੇ ਗਏ ਤੇ ਪੀਰੀਅਡ ਕਦੋਂ ਬਦਲਦੇ ਗਏ। ਮੈਂ ਨਾਵਲ ਵਿਚਲੇ ਨਵੇਂ ਪਿੰਡ ਦੇ ਖੂਹ ਤੇ ਖੇਤਾਂ, ਦਾਤੇ ਦੇ ਰਾਹ, ਕਪੂਰਿਆਂ ਦੀਆਂ ਕੁੜੀਆਂ, ਸੈਦ ਕਬੀਰ ਦੇ ਮੇਲੇ, ਰੂਪ ਦੇ ਦਲਾਣ, ਤਖਾਣਵੱਧ ਦੇ ਖੇਤ, ਢੁੱਡੀਕੇ ਤੇ ਅਜੀਤਵਲ ਵਿਚਕਾਰ ਵਗਦੇ ਸੂਏ ਦੀ ਪਟੜੀ, ਮੱਦੋਕੇ ਦੇ ਦੀਵਾਨ, ਬੁੱਟਰ ਦੇ ਛੱਪੜ ਤੇ ਟਾਂਗੇ ਵਾਲੇ ਅਮਲੀ ਦੇ ਅੰਗ ਸੰਗ ਵਿਚਰ ਰਿਹਾ ਸਾਂ। ਉਥੇ ਚੰਨੋ ਸੀ, ਸ਼ਾਮੋ ਸੀ, ਰੂਪ ਸੀ, ਦਿਆਲਾ ਸੀ, ਜਗੀਰ ਸੀ, ਜੈਲੋ ਤੇ ਕਾਕਾ ਸੀ, ਉਥੇ ਮੇਲੇ ਵਿਚ ਸਾਨਗੀ ਵਜਾਉਣ ਵਾਲੇ ਗਮੰਤਰੀ ਸਨ ਤੇ ਗਿਆਨੀ ਬਣਿਆ ਕੰਵਲ ਆਪ ਸੀ।

ਪੂਰਨਮਾਸ਼ੀ ਵਿਚਲਾ 'ਨਵਾਂ ਪਿੰਡ' ਅਸਲ ਵਿਚ ਢੁੱਡੀਕੇ ਹੀ ਹੈ। ਨਾਵਲ ਦੇ ਸ਼ੁਰੂ ਵਿਚ ਜਿਸ ਵਗਦੇ ਖੂਹ ਦਾ ਨਜ਼ਾਰਾ ਹੈ ਉਹ ਸਾਰਾ ਦ੍ਰਿਸ਼ ਹੁਣ ਪਿੰਡ 'ਚੋਂ ਅਲੋਪ ਹੋ ਚੁੱਕਾ ਹੈ। ਕੰਵਲ ਦੀ ਖੇਤ ਵਿਚਲੀ ਉਹ ਕੋਠੜੀ ਵੀ ਨਹੀਂ ਰਹੀ ਜਿਥੇ 1960ਵਿਆਂ ਵਿਚ ਬਲਰਾਜ ਸਾਹਨੀ ਪੜ੍ਹਦਾ ਲਿਖਦਾ ਤੇ ਗੰਨੇ ਚੂਪਦਾ ਹੁੰਦਾ ਸੀ। ਕਦੇ ਕਦੇ ਉਹ ਧੂਣੀਆਂ ਸੇਕਣ ਤੁਰ ਪੈਂਦਾ। ਸੀਮੈਂਟ ਦਾ ਉਹ ਲਾਲ ਬੈਂਚ, ਜਿਸ ਉਤੇ ਬੈਠਿਆਂ ਕੰਵਲ ਨੇ ਮੈਨੂੰ ਦਿੱਲੀ ਤੋਂ ਢੁੱਡੀਕੇ ਕਾਲਜ ਵਿਚ ਆਉਣ ਲਈ ਕਿਹਾ ਸੀ, ਮੈਨੂੰ ਅੱਜ ਵੀ ਯਾਦ ਐ। ਬਲਰਾਜ ਸਾਹਨੀ ਉਹਦੇ ਉਤੇ ਬੈਠ ਕੇ ਚੰਦ ਵੇਖਦਾ ਤੇ ਟਾਹਲੀ 'ਚੋਂ ਛਣਦੀ ਚਾਨਣੀ ਉਤੇ ਲਟਬੌਰਾ ਹੋ ਜਾਂਦਾ। ਉਸੇ ਬੈਂਚ ਉਤੇ ਬੈਠਿਆਂ ਕੰਵਲ ਨੇ ਮੈਥੋਂ ਇਕਰਾਰ ਲਿਆ ਸੀ ਕਿ ਮੈਂ ਦਿੱਲੀ ਦਾ ਖ਼ਾਲਸਾ ਕਾਲਜ ਛੱਡ ਕੇ ਢੁੱਡੀਕੇ ਪੜ੍ਹਾਉਣ ਲੱਗ ਪਵਾਂਗਾ। ਕੰਵਲ ਤੋਂ ਬਾਅਦ ਪਿੰਡ ਦਾ ਸਰਪੰਚ ਬਣਨ ਵਾਲਾ ਬਲਵੰਤ ਸਿੰਘ ਤੇ ਦਿੱਲੀ 'ਚ ਅਧਿਆਪਕ ਲੱਗਾ ਰਿਹਾ ਡਾ. ਅਜੀਤ ਸਿੰਘ ਵੀ ਉਥੇ ਹੀ ਸਨ। ਢੁੱਡੀਕੇ ਵਿਚ ਪਹਿਲੀ ਰਾਤ ਮੈਂ ਬਲਵੰਤ ਸਿੰਘ ਦੇ ਘਰ ਸੁੱਤਾ ਸਾਂ ਜੋ ਕਿਰਤੀ ਕਿਸਾਨ ਯੂਨੀਅਨ ਦੇ ਨਿਰਭੈ ਸਿੰਘ ਦਾ ਬਾਪ ਸੀ। ਉਹ ਸਾਹਿਤ ਦਾ ਗੰਭੀਰ ਪਾਠਕ ਸੀ।ਮੈਂ ਸਮਝਦਾਂ ਕੰਵਲ ਦੇ 'ਪੂਰਨਮਾਸ਼ੀ' ਨਾਵਲ ਨੇ ਹੀ ਮੇਰੇ ਕਰਮਾਂ ਵਿਚ ਢੁੱਡੀਕੇ ਦੀ ਪ੍ਰੋਫ਼ੈਸਰੀ ਲਿਖੀ ਸੀ।

ਪੂਰਨਮਾਸ਼ੀ ਦਾ ਨਾਇਕ ਰੂਪ, ਢੁੱਡੀਕੇ ਦੀ ਕੌਲੂ ਪੱਤੀ ਵਾਲਾ ਗੁਲਜ਼ਾਰਾ ਸੀ ਜੋ ਇਲਾਕੇ ਦਾ ਦਰਸ਼ਨੀ ਜੁਆਨ ਸੀ। ਉਹਦਾ ਰੰਗ ਗੋਰਾ ਸੀ ਤੇ ਅੱਖਾਂ ਬਿੱਲੀਆਂ। ਉਹ ਮੇਲਿਆਂ 'ਤੇ ਬੋਰੀ ਚੁੱਕਣ ਦਾ ਮੁਕਾਬਲਾ ਕਰਿਆ ਕਰਦਾ ਸੀ। ਉਸ ਨੂੰ ਨਾਇਕ ਚਿਤਵ ਕੇ ਕੰਵਲ ਨੇ ਕਹਾਣੀ ਘੜੀ ਸੀ ਪਰ ਇਹ ਗੁਲਜ਼ਾਰੇ ਦੀ ਸੱਚੀ ਕਹਾਣੀ ਨਹੀਂ ਸੀ। ਗੁਲਜ਼ਾਰੇ ਨੇ ਆਪਣੀ ਪਹਿਲੀ ਘਰ ਵਾਲੀ ਨਹੀਂ ਸੀ ਛੱਡੀ ਤੇ ਨਾ ਹੀ ਉਸ ਦੇ ਦੋ ਵਿਆਹ ਹੋਏ ਸਨ। ਰੂਪ ਦਾ ਇਕੋ ਪੁੱਤਰ 'ਪੂਰਨ' ਹੋਇਆ ਵਿਖਾਇਆ ਗਿਆ ਹੈ ਜਦ ਕਿ ਗੁਲਜ਼ਾਰੇ ਦੇ ਚਾਰ ਪੁੱਤਰ ਹਨ। ਉਸ ਦੇ ਦੋ ਪੁੱਤਰ ਬਲਦੇਵ ਤੇ ਮਨਜੀਤ ਕਾਲਜ ਵਿਚ ਮੇਰੇ ਕੋਲੋਂ ਪੜ੍ਹਦੇ ਰਹੇ ਤੇ ਹੁਣ ਕੈਨੇਡਾ ਵਿਚ ਹਨ। ਉਹ ਮੇਰੇ ਭਰਾ ਭਜਨ ਦੇ ਜਮਾਤੀ ਸਨ ਜੋ ਹੁਣ ਵੀ ਉਸ ਦੇ ਦੋਸਤ ਹਨ। ਉਹ ਵਿਆਹ ਸ਼ਾਦੀਆਂ 'ਤੇ ਅਜੇ ਵੀ ਇਕ ਦੂਜੇ ਦੇ ਆਉਂਦੇ ਜਾਂਦੇ ਹਨ।

ਲੇਖਕ ਕਿਸੇ ਅਸਲੀ ਪਾਤਰ ਨੂੰ ਆਪਣੇ ਸਾਹਮਣੇ ਰੱਖ ਕੇ ਆਪਣਾ ਕਾਲਪਨਿਕ ਨਾਇਕ ਜਾਂ ਹੋਰ ਪਾਤਰ ਕਿਵੇਂ ਸਿਰ-ਜਦੇ ਹਨ ਉਸ ਦੀ ਮਿਸਾਲ ਕੌਲੂ ਪੱਤੀ ਵਾਲਾ ਗੁਲਜ਼ਾਰਾ ਹੈ ਜਿਸ ਨੂੰ ਰੂਪ ਬਣਾ ਕੇ ਕਪੂਰਿਆਂ ਦੇ ਮੇਲੇ ਵਿਚ ਬੋਰੀ ਚੁੱਕਣ ਦਾ ਮੁਕਾਬਲਾ ਕਰਵਾਇਆ ਗਿਆ:

ਰੂਪ ਹੋਰਾਂ ਦੀ ਢਾਣੀ ਵਿਖਰ ਕੇ ਫਿਰ ਜੁੜ ਗਈ। ਉਨ੍ਹਾਂ ਮੇਲੇ ਦੇ ਦੂਜੇ ਪਾਸੇ ਬੋਰੀ ਅਤੇ ਮੁਗਧਰ ਚੁੱਕਣ ਵਾਲਿਆਂ ਦਾ ਖੁੱਲ੍ਹਾ ਖਾੜਾ ਬੰਨ੍ਹ ਲਿਆ। ਮੁਗਧਰ ਮੱਲਾਂ ਨੇ ਪਹਿਲੋਂ ਹੀ ਲਿਆਂਦੇ ਹੋਏ ਸਨ। ਸਾਢੇ ਚਾਰ ਮਣ ਪੱਕੇ ਦੀ ਬੋਰੀ ਵੀ ਠੋਕ ਠੋਕ ਕੇ ਭਰ ਲਈ ਗਈ। ਪੱਗਾਂ ਤੇ ਲੋਈਆਂ ਲਾਹ ਕੇ ਜਵਾਨ ਖਾੜੇ ਵਿਚ ਨਿਕਲ ਆਏ। ਮੁਗਧਰ ਚੁੱਕਣ ਵਾਲਿਆਂ ਲੱਕ ਨਾਲ ਚਾਦਰੇ ਕੱਸ ਕੇ ਬੰਨ੍ਹ ਲਏ। ਬੋਰੀ ਚੁੱਕਣ ਵਾਲਿਆਂ ਵਿਚੋਂ ਰੂਪ ਤੇ ਜਗੀਰ ਵੀ ਸਨ। ਰੂਪ ਦਾ ਭਰਿਆ, ਲੰਮਾ ਤੇ ਸੋਹਣਾ ਸਰੀਰ ਵੇਖ ਕੇ ਭੁੱਖ ਲਹਿੰਦੀ ਸੀ। ਖਾੜੇ ਦੀਆਂ ਨਜ਼ਰਾਂ ਉਸ ਦੇ ਪਿੱਛੇ ਹੀ ਭੌਂ ਰਹੀਆਂ ਸਨ। ਮੁਗਧਰ ਚੁੱਕੇ ਜਾਣ ਲੱਗੇ। ਜਗੀਰ ਤੇ ਰੂਪ ਦੇ ਮੁਕਾਬਲੇ ਵਿਚ ਬੋਰੀਆਂ ਚੁੱਕਣ ਵਾਲਿਆਂ ਦੀਆਂ ਦੋ ਜੋੜੀਆਂ ਸਨ। ਦੋ ਜੋੜੀਆਂ ਤੋਂ ਪਹਿਲੀ ਵਾਰੀ ਬਾਲਾ ਨਾ ਕਿਲਿਆ। ਫਿਰ ਜਗੀਰ ਤੇ ਰੂਪ ਦੀ ਵਾਰੀ ਆਈ, ਉਹ ਪਹਿਲੀ ਹੁਬਕਲੀ ਨਾਲ ਬੋਰੀ ਹਿੱਕ ਦੇ ਬਰਾਬਰ ਲੈ ਗਏ ਅਤੇ ਓਥੋਂ ਝੋਸਾ ਮਾਰ ਕੇ ਬਾਹਾਂ ਖੜ੍ਹੀਆਂ ਕਰ ਦਿੱਤੀਆਂ। ਇਕ ਵਾਰ ਹੀ ਸਾਰਾ ਖਾੜਾ 'ਵਾਹ ਬਈ ਵਾਹ' ਕਰ ਉਠਿਆ...। (ਚਲਦਾ)



# Action Kitchen & Bath Inc

MANUFACTURE OF FINE CUSTOM KITCHEN AND BATH VANITIES

BUY DIRECT FROM THE FACTORY AND SAVE

ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਓ

SPECIAL DISCOUNT FOR CONTRACTORS



Custom Kitchen & Vanities • Granite Countertops
Complete Kitchen & Bathroom Renovations
3D Computer Design

**We will beat any written quote by 10%**

Call for FREE In-Home Estimate

**905-799-7277** or **1-800-536-2480**

Mon - Fri : 9am to 6pm Sat: 11am - 4pm
Sun: APPOINTMENT ONLY

actionkitchen@live.ca
www.actionkitchen.ca

8 Starthern Ave, Unit 1 & 2, Brampton (South of Steeles facing Dixie)



# NEED A LAWYER ??

Red Seal NOTARY

# KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application


FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1






“ ਆਓ ਗਰਮੀਆਂ ਨੂੰ ਮਜ਼ੇਦਾਰ ਬਣਾਈਏ ”

Use Promocode: PunjabiPost & get up to *15% off on Zip Line & Aerial Game Treks. *Conditions apply

TREETOPTREKKING.COM
6 locations in Ontario, Including Brampton.

ZIPLINE ADVENTURE PARK IN BRAMPTON!



# When it's not an emergency, but it can't wait



NEW HOURS
8:00 a.m. – 9:00 p.m.
*every day*
EFFECTIVE
August 7, 2019

Your one-stop option for an illness or injury that isn't an emergency, but just can't wait.

- No referral or appointment needed
- Staffed by emergency-trained doctors and nurses
- Onsite high-tech diagnostics *(e.g., x-ray, CT scan and laboratory services)*
- Services covered by a valid Ontario health card

Peel Memorial Centre for Integrated Health & Wellness

20 Lynch Street, Brampton, Ontario
(905) 494-2120 | www.williamoslerhs.ca

## When to go to the Urgent Care Centre

**Open 8:00 a.m. – 9:00 p.m.,** ***every day***
EFFECTIVE: **August 7, 2019**

Visit the Urgent Care Centre for illnesses or injuries such as:
Sprains, strains or broken bones
Allergic reactions, skin rashes
Asthma attacks
Minor burns
Cuts that might need stitches
Earaches, eye injuries
Fevers, coughs and colds
Infections
Nose and throat complaints
*No referral or appointment needed*

## When to go to an Emergency Department

Open 24 hours a day, *every day*

Go to an Emergency Department if you have a serious injury or condition such as:
Chest pain or abdominal pain
Shortness of breath, dizziness/fainting
Internal bleeding
Numbness or weakness in arms or hands
Major trauma
Mental health issues
Fever in infants 3 months and younger
Overdose/poisoning
Pregnancy-related emergencies
Seizures, Stroke symptoms
Any serious condition that you feel is getting worse

*Ambulances do not go to the Urgent Care Centre.*
**If you have severe chest pain, stroke symptoms, or you are uncertain, always CALL 9-1-1 or go to your nearest Emergency Department.**



www.BramptonTopRelator.com

JAG AUJLA
REAL ESTATE BROKER

DIR: 416-371-7777
j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD


Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*
*Some Conditions Apply

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price


CALEDON

ਕੈਨੇਡੀ / ਡੋਗੱਲ
ਬਹੁਤ ਹੀ ਸੋਹਣਾ ਤੇ ਸਾਫ ਸੁਥਰਾ ਡੀਟੈਚਡ ਘਰ, 2014 ਵਿੱਚ ਬਣਿਆ 4+2 ਬੈਡਰੂਮ ,5 ਵਾਸ਼ਰੂਮ ਅਤੇ ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੇਂਸ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਓਕ ਸਟੇਅਰਕੇਸ, ਸਟੈਨਡ ਹਾਰਡਵੁਡ ਫਲੋਰ, 2 ਮਾਸਟਰ ਬੈਡਰੂਮ। ਬਹੁਤ ਸੋਹਣੀ ਇਟ ਇਨ ਕਿਚਨ , ਸਟੇਨਲੈਸ ਸਟੀਲ ਅਪਲਾਈਨਸੈਸ ।

BRAMPTON

ਕੰਟਰੀਸਾਈਡ / ਮੇਅਫਿਲਡ
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

BRAMPTON

ਬੋਵੇਰਡ/ਚਿੰਗੂਜੀ
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ, ਐਂਡ ਯੂਨੀਟ ਫਰੀਹੋਲਡ ਟਾਊਨ ਹਾਊਸ, ਸੇਮੀ ਵਰਗਾ ਜਿਸ ਵਿੱਚ 3 ਬੈਡਰੂਮ +ਕੰਪਿਊਟਰ ਲਾਫਟ+2 ਵਾਸ਼ਰੂਮ, ਫਿਨੀਸ਼ਡ ਬੇਸਮੈਂਟ ਅਤੇ ਵਾਕ ਆਊਟ ਬੈਕ ਯਾਰਡ, ਲੇਮੀਨੇਟ ਫਲੋਰ,ਕਰਾਊਨ ਮੋਲਡਿੰਗ, ਪੋਟ ਲਾਈਟ ਅਤੇ ਬਹੁਤ ਹੀ ਸੋਹਣੀ ਇਟ ਇਨ ਕਿਚਨ ਹੈ।

CALEDON

ਸੈਂਟ ਏਡਰੀਉ/ ਹਾਈਵੇ 24
SOLD! SOLD! SOLD! AT BEST PRICE

BRAMPTON

ਵੈਨ ਕੁਕ/ਵੇਨਲੈਸ/ਮੇਅਫਿਲਡ
SOLD AT 99% OF ASKING PRICE IN 2 DAYS

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ।
Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ





# Grand Upholstery Ltd
## Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂੰਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Call Us For Guaranteed Lowest Airfare ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



# REXDALE BODY SHOP
USED CAR SALE



CHEEMA
LOWEST PRICE IN TOWN

Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779

RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience
OPEN MON - SAT 9AM TO 7PM

Call Rick or Manminder Cheema: 416.749.9596 / 416.951.6431

Towing Service Car Paint Starts $799* upto 100% Deductible Paid*

30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com



Check our Free E-paper
at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



TechSpirit

Consultation, Installation & Servicing



Specialized in:
- Analog & IP security cameras
- Installation & Maintenance Upgrade
- Video Doorbell Installation



1080p HD ਦੇ 4 ਸਿਕਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਹੋਰ ਸੇਵਾਵਾਂ:
Speaker/Soundbar Mount
Home Office Products
Small Kitchen Appliances
Media Box/Setup Box
Cell Phone Accessories
Car Accessories
DVD Shelves, Projector
Mount & Monitor Mount



For online shopping visit www.techspirit.ca
– SAME DAY SHIPPING – 100% SECURE PAYMENT

T.V WALL MOUNT ਵੀ ਇੰਸਟਾਲ ਕਰਦੇ ਹਨ

Call: 905-621-4100
7-8770 The Gore Road, Brampton, ON L6P 0B1

Opening Times
Mon - Sat 10 AM - 8 PM
Sunday 10 AM - 6 PM



# IFS INTERSTATE FREIGHT SYSTEMS INC.

## A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677